






# ਪ੍ਰਵਾਸੀ ਪਰਿਵਾਰ ਸਸ਼ਕਤੀਕਰਨ: ਤੁਹਾਡਾ ਵਕਾਲਤੀ ਗਾਈਡ

NYC ਪਬਲਿਕ ਸਕੂਲਾਂ (NYC Public Schools) ਵਿੱਚ ਪ੍ਰਵਾਸੀ ਅਤੇ ਬਹੁ-ਭਾਸ਼ਾਈ ਪਰਿਵਾਰਾਂ ਲਈ ਇੱਕ ਸਰੋਤ ਮਾਰਗਦਰਸ਼ਕ

NYC Public Schools | MULTILINGUAL LEARNERS

ਜੂਨ 2024

ਪ੍ਰਵਾਸੀ ਪਰਵਿਾਰ ਸਸ਼ਕਤੀਕਰਨ

# ਵਿਸ਼ਾ-ਸੂਚੀ

ਪੰਨੇ


03 **ਜਾਣ-ਪਛਾਣ**

- ਸਰੋਤ ਗਾਈਡ ਦੀ ਸੰਖੇਪ ਜਾਣਕਾਰੀ ਅਤੇ ਉਦੇਸ਼।
- NYC ਪਬਲਿਕ ਸਕੂਲਾਂ ਦੇ ਬਹੁ-ਭਾਸ਼ਾਈ ਸਿਖਿਆਰਥੀਆਂ ਅਤੇ ਅਣਡੋਕੂ ਅਧਿਆਪਕ ਦ ਅਨੁਭਾਗ ਤੋਂ ਸਵੀਕਾਰਤਾਵਾਂ।

05 **ਪਾਵਰ ਅਤੇ ਏਜੰਸੀ ਨੂੰ ਸਮਝਣਾ**

- ਪ੍ਰਵਾਸੀ ਅਤੇ ਬਹੁ-ਭਾਸ਼ਾਈ ਪਰਿਵਾਰਾਂ ਦੇ ਸੰਦਰਭ ਵਿੱਚ ਪਾਵਰ ਅਤੇ ਏਜੰਸੀ ਦੀ ਪਰਿਭਾਸ਼ਾ।
- ਪ੍ਰਵਾਸੀ ਪਰਿਵਾਰਾਂ ਲਈ ਵਕਾਲਤ ਵੱਲ ਕਦਮ।

06 **ਕਦਮ 1: ਆਪਣੇ ਗਿਆਨ ਅਤੇ ਜਾਗਰੂਕਤਾ ਦਾ ਨਿਰਮਾਣ ਕਰੋ**

- ਸਕੂਲਾਂ ਵਿੱਚ ਪ੍ਰਵਾਸੀ ਅਤੇ ਬਹੁ-ਭਾਸ਼ਾਈ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਨੀਤੀਆਂ ਅਤੇ ਅਧਿਕਾਰ
  - ਇਮੀਗ੍ਰੇਸ਼ਨ ਸ਼ਬਦਾਵਲੀ, ਅਧਿਕਾਰ ਅਤੇ ਨੀਤੀਆਂ
  - ਭਾਸ਼ਾ 'ਤੇ ਪਹੁੰਚ
  - ਉੱਚ ਸਿੱਖਿਆ
  - ਅਸਥਾਈ ਰਿਹਾਇਸ਼ ਵਿੱਚ ਪਰਿਵਾਰ

13 **ਕਦਮ 2: ਸ਼ਮੂਲੀਅਤ ਦੁਆਰਾ ਏਜੰਸੀ ਦਾ ਅਭਿਆਸ ਕਰੋ**

- ਸਿੱਖਿਅਕਾਂ ਨਾਲ ਪ੍ਰਭਾਵਸ਼ਾਲੀ ਸੰਚਾਰ ਲਈ ਰਣਨੀਤੀਆਂ।
- ਸਕੂਲ ਦੀਆਂ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਮਾਤਾ-ਪਿਤਾ ਅਤੇ ਪਰਿਵਾਰ ਦੀ ਸ਼ਮੂਲੀਅਤ ਦੇ ਮੌਕੇ।
- ਆਪਣੇ ਸਕੂਲ ਵਿੱਚ ਸੱਭਿਆਚਾਰਕ ਯੋਗਤਾ ਅਤੇ ਸ਼ਮੂਲੀਅਤ ਨੂੰ ਹੁੰਗਾਰਾ ਦੇਣਾ।

17 **ਕਦਮ 3: ਸਸ਼ਕਤੀਕਰਨ ਲਈ ਸਾਧਨਾਂ ਤੱਕ ਪਹੁੰਚ ਬਣਾਉ**

- ਪ੍ਰਵਾਸੀ ਪਰਿਵਾਰਾਂ ਲਈ ਸਾਧਨ: ਭਾਸ਼ਾ 'ਤੇ ਪਹੁੰਚ, ਕਾਨੂੰਨੀ ਸਹਾਇਤਾ, ਸਮਾਜ-ਆਧਾਰਿਤ ਸੰਸਥਾਵਾਂ ਦੀ ਖੋਜ, ਅਤੇ ਹੋਰ ਬਹੁਤ ਕੁਝ।
- ਪਰਿਵਾਰਕ ਸ਼ਮੂਲੀਅਤ ਦੀ ਕਲਪਨਾ ਕਰਨਾ।
- ਪਰਿਵਾਰਕ ਸ਼ਮੂਲੀਅਤ ਦੀ ਸਫਲਤਾ ਲਈ ਵਰਕਸ਼ੀਟ।

20 **ਮਾਮਲਿਆਂ ਦੇ ਅਧਿਐਨ ਅਤੇ ਸਫਲਤਾ ਦੀਆਂ ਕਹਾਣੀਆਂ**

- ਨਿਊਯਾਰਕ ਪਬਲਿਕ ਸਕੂਲਾਂ (NYCPS) ਦੇ ਅੰਦਰ ਪਾਵਰ ਅਤੇ ਏਜੰਸੀ ਤੱਕ ਸਫਲਤਾਪੂਰਵਕ ਪਹੁੰਚ ਬਣਾਉਣ ਵਾਲੇ ਪ੍ਰਵਾਸੀ ਅਤੇ ਬਹੁ-ਭਾਸ਼ਾਈ ਪਰਿਵਾਰਾਂ ਦੀਆਂ ਉਦਾਹਰਣਾਂ।
- ਇਹਨਾਂ ਅਨੁਭਵਾਂ ਤੋਂ ਸਿੱਖੇ ਸਬਕ ਅਤੇ ਵਧੀਆ ਅਭਿਆਸ।

21 **ਸਿੱਟਾ**

- ਸਾਰੇ ਪ੍ਰਵਾਸੀ ਪਰਿਵਾਰਾਂ ਨੂੰ ਇੱਕ ਪੱਤਰ।

# ਜਾਣ-ਪਛਾਣ

> ਕੋਈ ਵੀ ਤਦੋਂ ਤੱਕ ਘਰ ਤੋਂ ਬਾਹਰ ਨਹੀਂ ਨਿਕਲਦਾ ਜਦੋਂ ਤੱਕ ਕਿ ਘਰ ਸ਼ਾਰਕ ਦਾ ਮੂੰਹ ਨਾ ਹੋਵੇ, ਤੁਸੀਂ ਸਰਹੱਦ ਵੱਲ ਤਾਂ ਹੀ ਦੋੜਦੇ ਹੋ ਬਾਰਡਰ ਲਈ ਦੌੜਦੇ ਹੋ ਜਦੋਂ ਤੁਸੀਂ ਦੇਖਦੇ ਹੋ ਕਿ ਸਾਰਾ ਸ਼ਹਿਰ ਵੀ ਸਰਹੱਦ ਵੱਲ ਦੌੜ ਰਿਹਾ ਹੈ...
>
> ਤੁਹਾਨੂੰ ਸਮਝਣਾ ਹੋਵੇਗਾ, ਕੋਈ ਵੀ ਆਪਣੇ ਬੱਚਿਆਂ ਨੂੰ ਕਿਸ਼ਤੀ ਵਿੱਚ ਤਦੋਂ ਤੱਕ ਨਹੀਂ ਬਿਠਾਉਂਦਾ ਹੈ ਜਦੋਂ ਤੱਕ ਪਾਣੀ ਜ਼ਮੀਨ ਨਾਲੋਂ ਸੁਰੱਖਿਅਤ ਨਾ ਲੱਗਦਾ ਹੋਵੇ

## ਇਸ ਸਰੋਤ ਗਈਡ ਦੀ ਸੰਖੇਪ ਜਾਣਕਾਰੀ ਅਤੇ ਉਦੇਸ਼

ਵਾਰਸਨ ਸ਼ਾਇਰ ਦੀ ਕਵਿਤਾ, “ਹੋਮ” ਦਾ ਇਹ ਅੰਸ਼ ਬਹੁਤ ਸਾਰੇ ਪ੍ਰਵਾਸੀ ਪਰਿਵਾਰਾਂ ਦੁਆਰਾ ਆਪਣਾ ਘਰ ਛੱਡ ਕੇ ਆਉਣ ਦੇ ਅਨੁਭਵ ਨੂੰ ਉਜਾਗਰ ਕਰਦਾ ਹੈ ਜਿਸ ਵਿੱਚ ਸੁਰੱਖਿਆ, ਮੌਕੇ ਅਤੇ ਤਰੱਕੀ ਨੂੰ ਪਾਉਣ ਲਈ ਬੜੀ ਹਿੰਮਤ ਦੀ ਲੋੜ ਹੁੰਦੀ ਹੈ।

ਪ੍ਰਵਾਸੀ ਪਰਿਵਾਰ ਆਪਣੇ ਬੱਚਿਆਂ ਲਈ ਘਰ ਅਤੇ ਭਵਿੱਖ ਦੀ ਭਾਵਨਾ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹੋਏ, ਅਕਸਰ ਵਿਤਕਰੇ, ਪ੍ਰਣਾਲੀਗਤ ਰੁਕਾਵਟਾਂ, ਅਤੇ ਹੋਰ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ, ਅਣਜਾਣ ਸਥਾਨ ਅਤੇ ਵਾਤਾਵਰਣ ਵਿੱਚ ਵਿਚਰਦੇ ਹਨ। ਆਪਣੀਆਂ ਕਾਰਜਾਂ ਅਤੇ ਕੁਰਬਾਨੀਆਂ ਰਾਹੀਂ, ਪ੍ਰਵਾਸੀ ਪਰਿਵਾਰ ਆਪਣੇ ਬੱਚਿਆਂ ਦੀ ਪਛਾਣ ਅਤੇ ਤਜ਼ਰਬਿਆਂ ਨੂੰ ਆਕਾਰ ਦੇਣ, ਪ੍ਰਵਾਸ ਅਤੇ ਸਬੰਧਤਤਾ ਦੇ ਵਿਆਪਕ ਬਿਰਤਾਂਤ ਵਿੱਚ ਆਪਣੀ ਪਾਵਰ ਅਤੇ ਏਜੰਸੀ ਨੂੰ ਉਜਾਗਰ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ।

ਇਸ ਗਾਈਡ ਵਿੱਚ, ਅਸੀਂ ਪ੍ਰਵਾਸੀ ਪਰਿਵਾਰਾਂ ਦੁਆਰਾ ਕੀਤੀਆਂ ਗਈਆਂ ਕੁਰਬਾਨੀਆਂ ਦਾ ਸਨਮਾਨ ਕਰਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਆਪਣੇ ਅਤੇ ਆਪਣੇ ਬੱਚਿਆਂ ਲਈ ਘਰ ਬਣਾਉਣ ਦੀ ਉਹਨਾਂ ਦੀ ਅੰਦਰੂਨੀ ਤਾਕਤ ਨੂੰ ਸਵੀਕਾਰ ਕਰਦੇ ਹਾਂ। ਅਸੀਂ ਉਹਨਾਂ ਦੀ ਨਿੱਜੀ, ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਦਾ ਸਨਮਾਨ ਕਰਦੇ ਹਾਂ ਕਿਉਂਕਿ ਇਹ ਵਿਭਿੰਨਤਾ ਪਰਿਵਾਰਾਂ ਲਈ ਜ਼ਰੂਰੀ ਸੰਪੱਤੀਆਂ ਅਤੇ ਸਾਧਨਾਂ ਹਨ, ਤਾਂ ਜੋ ਪ੍ਰਵਾਸ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਆਪਣੇ ਬੱਚਿਆਂ ਦੇ ਅਕਾਦਮਿਕ ਜੀਵਨ ਵਿੱਚ ਬਦਲਾਵ, ਅਗਵਾਈ, ਅਤੇ ਵਕਾਲਤ ਦੇ ਏਜੰਟ ਬਣ ਸਕਣ। ਅਸੀਂ ਮੰਨਦੇ ਹਾਂ ਕਿ ਪਰਿਵਾਰਕ ਸਮੂਲੀਅਤ ਵਿਦਿਆਰਥੀਆਂ ਲਈ ਸਮੁੱਚੀ ਅਕਾਦਮਿਕ ਸਫਲਤਾ ਅਤੇ ਸਬੰਧਤ ਭਾਵਨਾ ਦਾ ਸਮਰਥਨ ਕਰਦੀ ਹੈ।

ਅਸੀਂ ਨਿਊਯਾਰਕ ਸਿਟੀ ਪਬਲਿਕ ਸਕੂਲਾਂ ਦੇ ਸਾਰੇ ਪਰਿਵਾਰਕ ਮੈਂਬਰਾਂ ਨੂੰ ਇਹ ਜਾਣਨ ਲਈ ਇਸ ਗਾਈਡ ਨੂੰ ਵਰਤਣ ਲਈ ਸੱਦਾ ਦਿੰਦੇ ਹਾਂ ਤਾਂ ਜੋ ਉਹ ਇਹ ਜਾਣ ਸਕਣ ਕਿ ਆਪਣੇ ਬੱਚੇ ਦੀ ਅਕਾਦਮਿਕ ਯਾਤਰਾ ਦੇ ਇੱਕ ਸਰਗਰਮ ਮੈਂਬਰ ਅਤੇ ਆਗੂ ਵਜੋਂ ਆਪਣੇ ਆਪ ਨੂੰ ਰੱਖਣ ਦਾ ਕੀ ਮਤਲਬ ਹੈ। ਇਸ ਗਾਈਡ ਵਿੱਚ ਤੁਸੀਂ ਪ੍ਰਵਾਸੀ ਪਰਿਵਾਰਾਂ ਦੇ ਤੌਰ ‘ਤੇ ਆਪਣੇ ਅਧਿਕਾਰਾਂ ਬਾਰੇ ਗਿਆਨ ਪ੍ਰਾਪਤ ਕਰੋਗੇ, ਤੁਸੀਂ ਆਪਣੇ ਬੱਚੇ ਦੇ ਸਕੂਲ ਵਿੱਚ ਸ਼ਾਮਲ ਹੋਣ ਦੇ ਵੱਖ-ਵੱਖ ਤਰੀਕਿਆਂ ਬਾਰੇ ਸਿੱਖੋਗੇ, ਅਤੇ ਤੁਸੀਂ ਆਪਣੇ ਸਕੂਲ ਭਾਈਚਾਰੇ ਵਿੱਚ ਤਬਦੀਲੀ ਦੇ ਉਦੇਸ਼ ਲਈ ਅਗਵਾਈ ਕਰਨ ਦੇ ਤਰੀਕਿਆਂ ਦੇ ਬਾਰੇ ਵਿੱਚ ਵਿਚਾਰ ਪ੍ਰਾਪਤ ਕਰੋਗੇ। ਪਾਉਲੋ ਫ੍ਰੇਰੇ ਦੇ ਵਿਚਾਰਾਂ 'ਤੇ ਆਧਾਰਿਤ, ਇਸ ਗਾਈਡ ਦਾ ਉਦੇਸ਼ ਸਕੂਲੀ ਭਾਈਚਾਰੇ ਦੇ ਸਾਰੇ ਮੈਂਬਰਾਂ ਨੂੰ ਉਹਨਾਂ ਦੀ ਆਪਣੇ ਖੁਦ ਦੇ ਸਿੱਖਣ ਵਿੱਚ ਸਰਗਰਮ ਭਾਗੀਦਾਰਾਂ ਦੇ ਰੂਪ ਵਿੱਚ ਸਥਾਪਿਤ ਕਰਨਾ ਅਤੇ ਆਪਣੀਆਂ ਸਮਾਜਿਕ ਹਕੀਕਤਾਂ ਦਾ ਵਿਸ਼ਲੇਸ਼ਣ ਕਰਨ ਅਤੇ ਉਹਨਾਂ ਨੂੰ ਬਦਲਣ ਦੇ ਹੁਨਰਾਂ ਨੂੰ ਵਿਕਸਤ ਕਰਨ ਵਿੱਚ ਸਮਰੱਥ ਬਣਾਉਣਾ ਹੈ।

# ਸਵਾਕਾਰਤਾਵਾਂ

## NYC ਪਬਲਿਕ ਸਕੂਲ
## ਦਾ ਬਹੁ-ਭਾਸ਼ਾਈ ਸਿਖਿਆਰਥੀਆਂ ਦਾ ਅਨੁਭਾਗ

ਬਹੁ-ਭਾਸ਼ਾਈ ਸਿਖਿਆਰਥੀਆਂ ਦੇ ਅਨੁਭਾਗ ਦਾ ਉਦੇਸ਼ ਇੱਕ ਸੁਆਗਤ ਯੋਗ ਮਾਹੌਲ ਵਿੱਚ ਸਖ਼ਤ ਹਦਾਇਤਾਂ ਅਤੇ ਉੱਚ ਉਮੀਦਾਂ ਤੱਕ ਇੱਕ ਸਮਾਨ ਪਹੁੰਚ ਬਣਾਉਣਾ ਹੈ ਜੋ ਬਹੁ-ਭਾਸ਼ਾਈ ਅਤੇ ਪਰਵਾਸੀ ਵਿਦਿਆਰਥੀਆਂ ਦੀ ਨਸਲੀ, ਸੱਭਿਆਚਾਰਕ, ਅਤੇ ਭਾਸ਼ਾਈ ਪਛਾਣ ਦੀ ਪੁਸ਼ਟੀ ਕਰਦਾ ਹੈ। ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਵਿਦਿਆਰਥੀ ਉਦੇਸ਼ ਅਤੇ ਸੰਬੰਧਤਾ ਦੀ ਭਾਵਨਾ ਦੇ ਨਾਲ ਸਕੂਲਾਂ ਦਾ ਅਨੁਭਵ ਕਰ ਸਕਣ ਅਤੇ ਕਾਲਜ, ਕੈਰੀਅਰ, ਅਤੇ ਜੀਵਨ ਵਿੱਚ ਸਫਲਤਾ ਲਈ ਤਿਆਰ ਹੋਕੇ ਗ੍ਰੈਜੂਏਟ ਬਣ ਸਕਣ।

### ਡਾ: ਮਿਰਜ਼ਾ ਸਾਂਚੇਜ਼ (Dr. Mirza Sánchez) -ਮੀਡੀਆ

ਬਹੁ-ਭਾਸ਼ਾਈ ਸਿਖਿਆਰਥੀਆਂ ਅਨੁਭਾਗ ਦੇ ਮੁਖੀ

### ਚਾਰਲੀਨ ਕਲਾਰਕ (Charlene Clarke)

ਕਾਰਜਕਾਰੀ ਨਿਰਦੇਸ਼ਕ, ਬਹੁ-ਭਾਸ਼ਾਈ ਅਤੇ ਪ੍ਰਵਾਸੀ ਵਿਦਿਆਰਥੀ ਸਹਾਇਤਾ

---

## ਅਣਡੋਕੂ ਅਧਿਆਪਕ

ਅਣਡੋਕ ਅਧਿਆਪਕ ਪ੍ਰਵਾਸੀ, ਗੈਰ-ਦਸਤਾਵੇਜ਼ੀ, ਅਤੇ ਬਹੁ-ਭਾਸ਼ਾਈ ਵਿਦਿਆਰਥੀਆਂ ਦੇ ਸਿੱਖਣ ਦੇ ਤਜ਼ਰਬਿਆਂ ਨੂੰ ਵਧਾਉਣ ਲਈ ਤਿਆਰ ਕੀਤੇ ਗਏ ਹਿਦਾਇਤੀ ਸਾਧਨਾਂ, ਸਲਾਹ ਸੇਵਾਵਾਂ, ਅਤੇ ਪੇਸ਼ੇਵਰ ਵਿਕਾਸ ਦੀ ਪੇਸ਼ਕਸ਼ ਕਰਦਾ ਹੈ। ਉਹਨਾਂ ਦੀਆਂ ਸੇਵਾਵਾਂ ਅਧਿਆਪਨ ਲਈ ਇੱਕ ਸੱਭਿਆਚਾਰਕ ਤੌਰ 'ਤੇ ਸੰਬੰਧਿਤ ਦ੍ਰਿਸ਼ਟੀਕੋਣ ਨੂੰ ਆਸਾਨ ਬਣਾਉਂਦੀਆਂ ਹਨ, ਜੋ ਪਰਵਾਸੀ ਵਿਦਿਆਰਥੀਆਂ ਦੇ ਸਮਾਜਿਕ-ਭਾਵਨਾਤਮਕ ਵਿਕਾਸ 'ਤੇ ਧਿਆਨ ਕੇਂਦਰਿਤ ਕਰਦੀਆਂ ਹਨ, ਜੋ ਸਿਖਣ ਲਈ ਉਹਨਾਂ ਦੀ ਤਾਕਤ ਅਤੇ ਸੰਪੱਤੀ ਦੇ ਰੂਪ ਵਿੱਚ ਉਨ੍ਹਾਂ ਦੇ ਜੀਵਿਤ ਅਨੁਭਵਾਂ 'ਤੇ ਕੇਂਦਰਿਤ ਹੁੰਦੀ ਹੈ। ਬਹੁ-ਭਾਸ਼ਾਈ ਸਿਖਿਆਰਥੀਆਂ ਦਾ ਅਨੁਭਾਗ ਇਸ ਗਾਈਡ ਨੂੰ ਬਣਾਉਣ ਵਿੱਚ ਵਿਚਾਰ-ਭਾਈਵਾਲੀ ਅਤੇ ਯੋਗਦਾਨ ਲਈ ਅਣਡੋਕੂਅਧਿਆਪਕ ਦਾ ਧੰਨਵਾਦ ਕਰਨਾ ਚਾਹੇਗੀ।

### ਐਮੀਲੀਆ ਫਿਆਲੋ (Emilia Fiallo)

ਅਣਡੋਕੂ ਅਧਿਆਪਕ ਦੇ ਸੰਸਥਾਪਕ
NYC ਪਬਲਿਕ ਸਕੂਲ ਦੇ ਸਾਬਕਾ ਅਧਿਆਪਕ
ਪਹਿਲਾਂ ਗੈਰ-ਦਸਤਾਵੇਜ਼ੀ

# ਪਾਵਰ ਅਤੇ ਏਜੰਸੀ ਨੂੰ ਸਮਝਣਾ

## ਸ਼ਕਤੀ (ਪਾਵਰ)

ਸ਼ਕਤੀ (ਪਾਵਰ) ਵਿਅਕਤੀਆਂ, ਸਮੂਹਾਂ ਜਾਂ ਸੰਸਥਾਵਾਂ ਦੀ ਪ੍ਰਭਾਵਤ ਕਰਨ ਅਤੇ ਅਸਰ ਪਾਉਣ ਦੀ ਸਮਰੱਥਾ ਜਾਂ ਯੋਗਤਾ ਹੈ। ਸ਼ਕਤੀ ਦੇ ਵੱਖ-ਵੱਖ ਰੂਪਾਂ ਵਿੱਚ ਆਰਥਿਕ, ਸਮਾਜਿਕ, ਸੱਭਿਆਚਾਰਕ, ਅਤੇ ਰਾਜਨੀਤਿਕ ਸ਼ਕਤੀ ਸ਼ਾਮਲ ਹੋ ਸਕਦੀ ਹੈ, ਅਤੇ ਇਹ ਰਸਮੀ ਢਾਂਚੇ (ਜਿਵੇਂ ਸਕੂਲ) ਅਤੇ ਗੈਰ-ਰਸਮੀ ਨੈੱਟਵਰਕਾਂ (ਜਿਵੇਂ ਕਿ ਸਮਾਜਿਕ ਸੰਬੰਧਾਂ ਅਤੇ ਸੱਭਿਆਚਾਰਕ ਅਭਿਆਸਾਂ) ਰਾਹੀਂ ਕੰਮ ਕਰਦੀ ਹੈ।

### ਪ੍ਰਵਾਸੀ ਪਰਿਵਾਰਾਂ ਦੁਆਰਾ ਸ਼ਕਤੀ ਦੀ ਉਦਾਹਰਣ ਕਿਵੇਂ ਦਿੱਤੀ ਜਾਂਦੀ ਹੈ?

ਤੁਹਾਡੀ ਇਮੀਗ੍ਰੇਸ਼ਨ ਯਾਤਰਾ ਭਾਵੇਂ ਜੋ ਵੀ ਹੋਵੇ, ਤੁਹਾਡੇ ਕੋਲ ਕਿਸੇ ਵੀ ਮਾਹੌਲ ਨੂੰ ਸਮਝਣ, ਉਸਦੇ ਅਨੁਕੂਲ ਹੋਣ ਅਤੇ ਕਿਸੇ ਵੀ ਨਵੇਂ ਵਾਤਾਵਰਣ ਨੂੰ ਪ੍ਰਭਾਵਿਤ ਕਰਨ ਦੀ ਅੰਦਰੂਨੀ ਤਾਕਤ ਅਤੇ ਸਮਰੱਥਾ ਹੈ। ਤੁਹਾਡੀ ਸ਼ਕਤੀ ਇਸ ਤੋਂ ਆਉਂਦੀ ਹੈ:

- ਤੁਹਾਡੀ ਹਿੰਮਤ ਅਤੇ ਚੁਣੌਤੀਆਂ ਦੇ ਬਾਵਜੂਦ ਹਰ ਰੋਜ਼ ਅੱਗੇ ਵਧਣ ਦੀ ਤੁਹਾਡੀ ਯੋਗਤਾ।
- ਤੁਹਾਡੀਆਂ ਸੱਭਿਆਚਾਰਕ ਸੰਪਤੀਆਂ, ਭਾਈਚਾਰਕ ਸਬੰਧ, ਅਤੇ ਸੋਸ਼ਲ ਨੈੱਟਵਰਕ ਬਣਾਉਣ ਅਤੇ ਵਰਤਣ ਦੀ ਯੋਗਤਾ।
- ਤੁਹਾਡਾ ਆਪਣਾ ਰਸਤਾ ਬਣਾਉਣ, ਸਰੋਤਾਂ ਤੱਕ ਪਹੁੰਚ ਬਣਾਉਣ, ਅਤੇ ਉਹਨਾਂ ਭਾਈਚਾਰਿਆਂ ਦੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਤਾਣੇ-ਬਾਣੇ ਵਿੱਚ ਯੋਗਦਾਨ ਪਾਉਣ ਦੀ ਤੁਹਾਡੀ ਯੋਗਤਾ ਜਿਸ ਦਾ ਤੁਸੀਂ ਆਪਣੇ ਵਿਲੱਖਣ ਅਨੁਭਵਾਂ ਅਤੇ ਦ੍ਰਿਸ਼ਟੀਕੋਣਾਂ ਦੁਆਰਾ ਹਿੱਸਾ ਬਣਦੇ ਹੋ।

## ਏਜੰਸੀ

ਏਜੰਸੀ ਵਿਅਕਤੀਆਂ ਦੀ ਸੁਤੰਤਰ ਤੌਰ 'ਤੇ ਕੰਮ ਕਰਨ ਅਤੇ ਆਪਣੀਆਂ ਖੁਦ ਦੀਆਂ ਚੋਣਾਂ ਕਰਨ ਦੀ ਸਮਰੱਥਾ ਨੂੰ ਦਰਸਾਉਂਦੀ ਹੈ। ਇਹ ਕਿਸੇ ਦੇ ਆਪਣੇ ਜੀਵਨ ਅਤੇ ਫੈਸਲਿਆਂ ਉੱਤੇ ਸ਼ਕਤੀ ਅਤੇ ਪ੍ਰਭਾਵ ਪਾਉਣ ਦੀ ਯੋਗਤਾ ਹੈ, ਇੱਥੋਂ ਤੱਕ ਕਿ ਅਜਿਹੀਆਂ ਸਥਿਤੀਆਂ ਵਿੱਚ ਵੀ ਜਿੱਥੇ ਪ੍ਰਣਾਲੀਗਤ ਰੁਕਾਵਟਾਂ ਅਤੇ ਔਕੜਾਂ ਇਸ ਨੂੰ ਇੱਕ ਚੁਣੌਤੀਪੂਰਨ ਕਾਰਜ ਬਣਾ ਸਕਦੀਆਂ ਹਨ।

### ਪ੍ਰਵਾਸੀ ਪਰਿਵਾਰਾਂ ਦੁਆਰਾ ਏਜੰਸੀ ਦਾ ਅਭਿਆਸ ਕਿਵੇਂ ਕੀਤਾ ਜਾਂਦਾ ਹੈ?

ਪਰਵਾਸੀ ਪਰਿਵਾਰ ਆਪਣੇ ਖੁਦ ਦੇ ਫੈਸਲੇ ਲੈਂਦੇ ਹਨ ਅਤੇ ਉਹ ਕਾਰਵਾਈਆਂ ਕਰਦੇ ਹਨ ਜੋ ਉਹਨਾਂ ਦੀਆਂ ਲੋੜਾਂ ਅਤੇ ਇੱਛਾਵਾਂ ਦੇ ਅਨੁਕੂਲ ਹੋਣ, ਇੱਥੋਂ ਤੱਕ ਕੀ ਭਾਸ਼ਾ ਦੀਆਂ ਰੁਕਾਵਟਾਂ, ਸੱਭਿਆਚਾਰਕ ਅੰਤਰ ਅਤੇ ਕਾਨੂੰਨੀ ਸੀਮਾਵਾਂ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਵੀ। ਪ੍ਰਵਾਸੀ ਪਰਿਵਾਰਾਂ ਲਈ, ਏਜੰਸੀ ਵਿੱਚ ਇਹ ਸ਼ਾਮਲ ਹਨ:

- ਖੁਦਮੁਖਤਿਆਰੀ: ਤੁਹਾਡੇ ਪਰਿਵਾਰ ਲਈ ਚੋਣਾਂ ਅਤੇ ਫੈਸਲੇ ਲੈਣ ਦੀ ਯੋਗਤਾ।
- ਸਸ਼ਕਤੀਕਰਨ: ਕਾਰਵਾਈ ਕਰਨ ਲਈ ਸਰੋਤਾਂ, ਗਿਆਨ ਅਤੇ ਸਮਰੱਥਾ ਦੀ ਵਰਤੋਂ ਕਰਨਾ.
- ਜ਼ਿੰਮੇਵਾਰੀ: ਆਪਣੇ ਕੰਮਾਂ ਅਤੇ ਫੈਸਲਿਆਂ ਦੇ ਨਤੀਜਿਆਂ ਪ੍ਰਤੀ ਜਵਾਬਦੇਹ ਹੋਣਾ।
- ਵਿਰੋਧ: ਚੁਣੌਤੀਪੂਰਨ ਅਤੇ ਬਦਲਦੀ ਹੋਈ ਸ਼ਕਤੀ ਦੇ ਢਾਂਚੇ ਜੋ ਤੁਹਾਡੇ ਪਰਿਵਾਰ ਨੂੰ ਲਾਭ ਨਹੀਂ ਪਹੁੰਚਾਉਂਦੇ।

**ਹੁਣ ਕੀ:** ਮੈਂ ਵਕੀਲ ਬਣਨ ਲਈ ਆਪਣੀ ਸ਼ਕਤੀ ਅਤੇ ਏਜੰਸੀ ਦੀ ਵਰਤੋਂ ਕਿਵੇਂ ਕਰਾਂ?

**ਪ੍ਰਵਾਸੀ ਪਰਿਵਾਰਾਂ ਲਈ ਵਕਾਲਤ ਵੱਲ ਕਦਮ:**

ਕਦਮ 1: ਆਪਣੇ ਗਿਆਨ ਅਤੇ ਜਾਗਰੂਕਤਾ ਦਾ ਨਿਰਮਾਣ ਕਰੋ
ਕਦਮ 2: ਸ਼ਮੂਲੀਅਤ ਦੁਆਰਾ ਏਜੰਸੀ ਦਾ ਅਭਿਆਸ ਕਰੋ
ਕਦਮ 3: ਸਸ਼ਕਤੀਕਰਨ ਲਈ ਸਾਧਨਾਂ ਤੱਕ ਪਹੁੰਚ ਬਣਾਉ

# ਕਦਮ 1: ਆਪਣੇ ਗਿਆਨ ਅਤੇ ਜਾਗਰੂਕਤਾ ਦਾ ਨਿਰਮਾਣ ਕਰੋ

NYC ਪਬਲਿਕ ਸਕੂਲਾਂ ਵਿੱਚ ਪਰਵਾਸੀ ਪਰਿਵਾਰਾਂ ਵਜੋਂ

1

## ਪਹੁੰਚ

NYC ਪਬਲਿਕ ਸਕੂਲ ਵਿਦਿਆਰਥੀਆਂ ਜਾਂ ਪਰਿਵਾਰਕ ਮੈਂਬਰਾਂ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਨਹੀਂ ਪੁੱਛਦੇ ਜਾਂ ਉਹਨਾਂ ਨੂੰ ਟਰੈਕ ਨਹੀਂ ਕਰਦੇ ਹਨ। ਕਿਸੇ ਵੀ NYC ਪਬਲਿਕ ਸਕੂਲ ਵਿੱਚ ਦਾਖਲਾ ਲੈਣ ਲਈ ਅਮਰੀਕੀ ਨਾਗਰਿਕਤਾ ਦੀ ਲੋੜ ਨਹੀਂ ਹੈ।



### ਤੁਹਾਨੂੰ ਇਸ ਬਾਰੇ ਪਤਾ ਹੋਣਾ ਚਾਹੀਦਾ ਹੈ
### ਪਾਇਲਰ ਬਨਾਮ ਡੋ (Plyler v. Do), 1982

ਪਾਇਲਰ ਬਨਾਮ ਡੋ ਇੱਕ ਸੁਪਰੀਮ ਕੋਰਟ ਦਾ ਫੈਸਲਾ ਹੈ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਸਾਰੇ ਬੱਚਿਆਂ ਨੂੰ, **ਉਹਨਾਂ ਦੀ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਮੁਫਤ K-12 ਜਨਤਕ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਹੈ**। ਇਹ ਹੁਕਮ ਪਬਲਿਕ ਸਕੂਲਾਂ ਨੂੰ ਬਿਨਾਂ ਕਾਗਜ਼-ਪੱਤਰ ਵਾਲੇ ਪ੍ਰਵਾਸੀ ਬੱਚਿਆਂ ਨੂੰ ਦਾਖਲੇ ਤੋਂ ਇਨਕਾਰ ਕਰਨ ਤੋਂ ਰੋਕ ਲਗਾਉਂਦਾ, ਅਤੇ ਉਹਨਾਂ ਦਾ ਸਿੱਖਿਆ ਦਾ ਅਧਿਕਾਰ ਹੋਣ ਦੀ ਪੁਸ਼ਟੀ ਕਰਦਾ ਹੈ।

2

## ਗੁਪਤਤਾ

ਸਕੂਲ ਤੁਹਾਡੀ ਸਹਿਮਤੀ ਤੋਂ ਬਿਨਾਂ ਤੁਹਾਡੀ ਨਿੱਜੀ ਜਾਣਕਾਰੀ ਸਾਂਝੀ ਨਹੀਂ ਕਰ ਸਕਦੇ ਜਦੋਂ ਤੱਕ ਦਸਤਖਤ ਕੀਤੇ ਅਦਾਲਤੀ ਹੁਕਮ ਦੁਆਰਾ ਲਾਜ਼ਮੀ ਨਹੀਂ ਹੁੰਦੇ।

**FERPA**

ਪਰਿਵਾਰਕ ਸਿੱਖਿਆ ਅਤੇ ਨਿੱਜਤਾ ਐਕਟ (FERPA)

### ਤੁਹਾਨੂੰ FERPA ਬਾਰੇ ਪਤਾ ਹੋਣਾ ਚਾਹੀਦਾ ਹੈ!

ਪਰਿਵਾਰਕ ਸਿੱਖਿਆ ਅਧਿਕਾਰ ਅਤੇ ਨਿੱਜਤਾ ਐਕਟ (FERPA) ਦੇ ਤਹਿਤ, ਵਿਦਿਆਰਥੀ ਅਤੇ ਪਰਿਵਾਰ ਦੀ ਜਾਣਕਾਰੀ ਨੂੰ ਕਾਨੂੰਨੀ ਤੌਰ 'ਤੇ ਗੁਪਤ ਬਣਾ ਰੱਖਿਆ ਜਾਂਦਾ ਹੈ। ਸਕੂਲ ਤੁਹਾਡੀ ਸਹਿਮਤੀ ਤੋਂ ਬਿਨਾਂ ICE (ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ) ਸਮੇਤ ਹੋਰ ਏਜੰਸੀਆਂ ਨਾਲ ਤੁਹਾਡੀ ਨਿੱਜੀ ਜਾਣਕਾਰੀ ਸਾਂਝੀ ਨਹੀਂ ਕਰ ਸਕਦੇ, ਜਦੋਂ ਤੱਕ ਕਿ ਦਸਤਖਤ ਕੀਤੇ ਅਦਾਲਤੀ ਹੁਕਮ ਦੁਆਰਾ ਅਜਿਹਾ ਕਰਨਾ ਲਾਜ਼ਮੀ ਨਹੀ ਹੁੰਦਾ।

ਇਸਦਾ ਮਤਲਬ ਹੈ ਕਿ ਤੁਹਾਡੇ ਸਕੂਲ ਨਾਲ ਸਾਂਝੀ ਕੀਤੀ ਸਾਰੀ ਜਾਣਕਾਰੀ ਗੁਪਤ ਬਣੀ ਹੈ, ਜਿਸ ਵਿੱਚ ਸ਼ਾਮਲ ਹਨ:

- ਦਾਖਲਾ ਦਸਤਾਵੇਜ਼।
- ਤੁਹਾਡੇ ਬੱਚੇ ਲਈ ਕਾਲਜ ਐਪਲੀਕੇਸ਼ਨ ਜਾਣਕਾਰੀ ਜਿਵੇਂ ਕਿ ਨਾਮ, ਪਤੇ, ਅਤੇ ਹੋਰ।
- ਪਤੇ ਅਤੇ ਨਾਵਾਂ ਸਮੇਤ ਸੰਕਟਕਾਲੀਨ ਸੰਪਰਕ ਜਾਣਕਾਰੀ।

# ਕਦਮ 1: ਆਪਣੇ ਗਿਆਨ ਅਤੇ ਜਾਗਰੂਕਤਾ ਦਾ ਨਿਰਮਾਣ ਕਰੋ

NYC ਪਬਲਿਕ ਸਕੂਲਾਂ ਵਿੱਚ ਪਰਵਾਸੀ ਪਰਿਵਾਰਾਂ ਵਜੋਂ

3

## ਸੁਰੱਖਿਅਤ ਸਕੂਲ

ਗੈਰ-ਸਥਾਨਕ ਕਾਨੂੰਨ ਲਾਗੂ ਕਰਨ, ਜਿਸ ਵਿੱਚ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ICE) ਸ਼ਾਮਲ ਹਨ, ਨੂੰ ਸਕੂਲਾਂ ਵਿੱਚ ਇਜਾਜ਼ਤ ਨਹੀਂ ਹੈ ਸਿਵਾਏ ਇਸ ਦੇ ਕਿ ਜਦੋਂ ਕਾਨੂੰਨੀ ਤੌਰ 'ਤੇ ਲੋੜ ਹੋਵੇ ਅਤੇ NYC ਪਬਲਿਕ ਸਕੂਲ ਦੇ ਵਕੀਲ ਨਾਲ ਸਲਾਹ ਕਰਨ ਤੋਂ ਬਾਅਦ ਹੀ।



**ਯਾਦ ਰੱਖੋ:**
**ਤੁਸੀਂ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਆਪਣੇ ਬੱਚੇ ਦੇ ਸਕੂਲ ਜਾ ਸਕਦੇ ਹੋ!**



- ਸਕੂਲ ਪਰਵਾਸੀ ਪਰਿਵਾਰਾਂ ਲਈ ਸੁਰੱਖਿਅਤ ਸਥਾਨ ਹਨ।
- ਸਕੂਲ ਤੁਹਾਨੂੰ ਦਾਖਲ ਹੋਣ ਲਈ ਰਾਜ ਜਾਂ ਅਮਰੀਕਾ ਦੁਆਰਾ ਜਾਰੀ ਕੀਤੀ ਆਈਡੀ ਪ੍ਰਦਾਨ ਕਰਨ ਲਈ ਨਹੀਂ ਕਹਿੰਦੇ ਹਨ।
- ਤੁਸੀਂ ਮਹਿਮਾਨ ਜਾਂ ਵਿਜ਼ਟਰ ਵਜੋਂ ਸਾਈਨ ਇਨ ਕਰਨ ਲਈ ਆਪਣਾ ਪਾਸਪੋਰਟ, ਕੌਂਸਲਰ ਆਈਡੀ ਕਾਰਡ, NYC ID (IDNYC), ਫੋਟੋ ਵਾਲਾ ਕਰਮਚਾਰੀ ਆਈਡੀ, ਫੋਟੋ ਵਾਲਾ ਪਬਲਿਕ ਅਸਿਸਟੈਂਸ ਕਾਰਡ ਜਾਂ ਵਿਦਿਆਰਥੀ ਆਈਡੀ ਲਿਆ ਸਕਦੇ ਹੋ।

# ਕਦਮ 1: ਆਪਣੇ ਗਿਆਨ ਅਤੇ ਜਾਗਰੂਕਤਾ ਦਾ ਨਿਰਮਾਣ ਕਰੋ

ਬਹੁ-ਭਾਸ਼ੀ ਪਰਿਵਾਰਾਂ ਵਜੋਂ

### ਬਹੁਭਾਸ਼ੀ ਪਹੁੰਚ

NYC ਪਬਲਿਕ ਸਕੂਲ ਬਹੁ-ਭਾਸ਼ਾਈ ਪਰਿਵਾਰਾਂ ਅਤੇ ਵਿਦਿਆਰਥੀਆਂ ਦੀ ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਨੂੰ ਸਾਰੇ ਸਕੂਲ ਭਾਈਚਾਰਿਆਂ ਲਈ ਸੰਪੱਤੀ ਦੇ ਰੂਪ ਵਿੱਚ ਮਹੱਤਵ ਦਿੰਦੇ ਹਨ।



### NYC ਸਕੂਲ ਬਹੁਭਾਸ਼ੀ ਹਨ

2022-2023 ਸਕੂਲੀ ਸਾਲ ਦੌਰਾਨ, **NYC ਪਬਲਿਕ ਸਕੂਲਾਂ ਵਿੱਚ ELL ਦਾ** ਅੰਗਰੇਜ਼ੀ ਤੋਂ ਇਲਾਵਾ 150 ਭਾਸ਼ਾਵਾਂ ਵਿੱਚ ਸੰਚਾਰ ਕੀਤਾ ਗਿਆ 66% ਤੋਂ ਵੱਧ ELL ਸਪੈਨਿਸ਼ ਬੋਲਣ ਵਾਲੇ ਹਨ, ਉਸ ਤੋਂ ਬਾਅਦ ਚੀਨੀ, ਅਰਬੀ, ਰੂਸੀ, ਬੰਗਾਲੀ, ਉਰਦੂ, ਹੈਤੀਆਈ ਕ੍ਰੀਓਲ ਉਜ਼ਬੇਕ, ਫ੍ਰੈਂਚ ਅਤੇ ਯੂਕਰੇਨੀ ਬੋਲਣ ਵਾਲੇ ਵਿਦਿਆਰਥੀ ਹਨ।

**ਸਰੋਤ**: DML ਦੁਆਰਾ 2022-23 ELL ਜਨਸਾਂਖਕੀ ਰਿਪੋਰਟ ਇੱਕ ਨਜ਼ਰ ਵਿੱਚ

## ਇੱਕ ਪਰਵਾਸੀ ਅਤੇ ਬਹੁ-ਭਾਸ਼ੀ ਮਾਤਾ-ਪਿਤਾ ਵਜੋਂ ਜਾਣਨ ਦੀਆਂ ਸ਼ਰਤਾਂ:

- **ਬਹੁ-ਭਾਸ਼ਾਈ** - ਇੱਕ ਵਿਅਕਤੀ ਦੁਆਰਾ ਜਾਂ ਇੱਕ ਭਾਈਚਾਰੇ ਦੇ ਅੰਦਰ ਕਈ ਭਾਸ਼ਾਵਾਂ ਦੀ ਵਰਤੋਂ ਨੂੰ ਦਰਸਾਉਂਦਾ ਹੈ।
- **ਨਵੀਂ ਭਾਸ਼ਾ ਵਜੋਂ ਅੰਗਰੇਜ਼ੀ (ENL)** ਇੱਕ ਪ੍ਰੋਗਰਾਮ ਹੈ ਜੋ ELLs ਨੂੰ ਉਹਨਾਂ ਦੀ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਨੂੰ ਵਿਕਸਤ ਕਰਨ ਵਿੱਚ ਸਹਾਇਤਾ ਕਰਨ ਲਈ ਤਿਆਰ ਕੀਤਾ ਗਿਆ ਹੈ।
- **ਅੰਗਰੇਜ਼ੀ ਭਾਸ਼ਾ ਸਿਖਿਆਰਥੀ (ELL)** ਇੱਕ ਵਿਦਿਆਰਥੀ ਹੁੰਦਾ ਹੈ ਜਿਸਦੀ ਮੁਢਲੀ ਭਾਸ਼ਾ ਅੰਗਰੇਜ਼ੀ ਨਹੀਂ ਹੈ ਅਤੇ ਜਿਸਨੂੰ ਅੰਗਰੇਜ਼ੀ ਵਿੱਚ ਮੁਹਾਰਤ ਹਾਸਲ ਕਰਨ ਲਈ ਵਾਧੂ ਸਹਾਇਤਾ ਦੀ ਲੋੜ ਹੁੰਦੀ ਹੈ।
- **ਦੋਭਾਸ਼ੀ ਸਿੱਖਿਆ ਪ੍ਰੋਗਰਾਮ-** ਇਹ ਪ੍ਰੋਗਰਾਮ, ਦੋਹਰੀ ਭਾਸ਼ਾ ਅਤੇ ਪਰਿਵਰਤਨਸ਼ੀਲ ਦੋਭਾਸ਼ੀ ਸਿੱਖਿਆ ਸਮੇਤ, ਵਿਦਿਆਰਥੀਆਂ ਨੂੰ ਅੰਗਰੇਜ਼ੀ ਅਤੇ ਉਨ੍ਹਾਂ ਦੀ ਘਰੇਲੂ ਭਾਸ਼ਾ ਦੋਵਾਂ ਵਿੱਚ ਨਿਪੁੰਨ ਬਣਨ ਵਿੱਚ ਮਦਦ ਕਰਦੇ ਹਨ। ਦੋਹਰੀ ਭਾਸ਼ਾ ਦੇ ਪ੍ਰੋਗਰਾਮ ਦੋਵਾਂ ਭਾਸ਼ਾਵਾਂ ਵਿੱਚ ਪੜ੍ਹਾਉਂਦੇ ਹਨ, ਜਦੋਂ ਕਿ ਪਰਿਵਰਤਨਸ਼ੀਲ ਦੋਭਾਸ਼ੀ ਸਿੱਖਿਆ ਦਾ ਉਦੇਸ਼ ਅੰਗਰੇਜ਼ੀ ਵਿੱਚ ਹੌਲੀ-ਹੌਲੀ ਤਬਦੀਲੀ ਕਰਨਾ ਹੈ।

# ਕਦਮ 1: ਆਪਣੇ ਗਿਆਨ ਅਤੇ ਜਾਗਰੂਕਤਾ ਦਾ ਨਿਰਮਾਣ ਕਰੋ

ਬਹੁ-ਭਾਸ਼ੀ ਪਰਿਵਾਰਾਂ ਵਜੋਂ

2

### ਭਾਸ਼ਾ 'ਤੇ ਪਹੁੰਚ

ਸਕੂਲਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪਰਿਵਾਰਾਂ ਨੂੰ ਉਹਨਾਂ ਦੀ ਪਸੰਦੀਦਾ ਭਾਸ਼ਾ ਵਿੱਚ ਮਹੱਤਵਪੂਰਨ ਸਕੂਲ ਸੰਚਾਰ ਪ੍ਰਾਪਤ ਹੋਣ, ਜਿਸ ਵਿੱਚ ਦਸਤਾਵੇਜ਼ਾਂ ਦਾ ਅਨੁਵਾਦ ਅਤੇ ਵਿਆਖਿਆ ਸੇਵਾਵਾਂ ਸ਼ਾਮਲ ਹਨ।

## ਆਪਣੀ ਭਾਸ਼ਾ ਪਹੁੰਚ ਅਧਿਕਾਰਾਂ ਬਾਰੇ ਜਾਣੋ

**ਤਰਜੀਹੀ ਭਾਸ਼ਾ ਵਿੱਚ ਸੰਚਾਰ:**

- ਪਰਿਵਾਰਾਂ ਨੂੰ ਉਹਨਾਂ ਦੇ ਬੱਚੇ ਦੀ ਸਿੱਖਿਆ ਬਾਰੇ ਉਹਨਾਂ ਦੀ ਤਰਜੀਹੀ ਭਾਸ਼ਾ ਵਿੱਚ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ, ਜਿਸ ਵਿੱਚ ਮਹੱਤਵਪੂਰਨ ਦਸਤਾਵੇਜ਼ਾਂ ਦਾ ਅਨੁਵਾਦ ਅਤੇ ਵਿਆਖਿਆ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨਾ ਸ਼ਾਮਲ ਹੈ।

**ਪ੍ਰਗਤੀ ਰਿਪੋਰਟਾਂ:**

- ਮਾਤਾ-ਪਿਤਾ ਨੂੰ ਅੰਗਰੇਜ਼ੀ ਅਤੇ ਹੋਰ ਅਕਾਦਮਿਕ ਵਿਸ਼ਿਆਂ ਨੂੰ ਸਿੱਖਣ ਵਿੱਚ ਆਪਣੇ ਬੱਚੇ ਦੀ ਪ੍ਰਗਤੀ ਬਾਰੇ ਨਿਯਮਤ ਰਿਪੋਰਟਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ, ਜੋ ਉਹਨਾਂ ਦੀ ਪਸੰਦੀਦਾ ਭਾਸ਼ਾ ਵਿੱਚ ਸੰਚਾਰਿਤ ਹੋਣ।

3

### ਭਾਸ਼ਾ ਦੇ ਵਿਕਲਪ

ਸਕੂਲਾਂ ਨੂੰ ਲਾਜ਼ਮੀ ਤੌਰ 'ਤੇ ਅੰਗਰੇਜ਼ੀ ਨੂੰ ਨਵੀਂ ਭਾਸ਼ਾ (ENL) ਵਜੋਂ ਸੇਵਾਵਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ ਜਿਵੇਂ ਕਿ ਉਹਨਾਂ ਸਾਰੇ ਵਿਦਿਆਰਥੀਆਂ ਲਈ ਦੋਭਾਸ਼ੀ ਸਿੱਖਿਆ ਪ੍ਰੋਗਰਾਮ ਜੋ ਆਪਣੀ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਨੂੰ ਵਿਕਸਤ ਕਰ ਰਹੇ ਹਨ।

## ਆਪਣੀ ਭਾਸ਼ਾ ਵਿਕਲਪ ਦੇ ਅਧਿਕਾਰਾਂ ਨੂੰ ਜਾਣੋ

**ਭਾਸ਼ਾ ਸਹਾਇਤਾ ਸੇਵਾਵਾਂ:**

- ਮਾਤਾ-ਪਿਤਾ ਨੂੰ ਆਪਣੇ ਬੱਚੇ ਦਾ ਅੰਗਰੇਜ਼ੀ ਮੁਹਾਰਤ ਲਈ ਮੁਲਾਂਕਣ ਕਰਵਾਉਣ ਅਤੇ ਉਚਿਤ ਭਾਸ਼ਾ ਸਹਾਇਤਾ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ, ਜਿਵੇਂ ਕਿ ਅੰਗਰੇਜ਼ੀ ਨਵੀਂ ਭਾਸ਼ਾ (ENL) ਅਤੇ ਦੋਭਾਸ਼ੀ ਸਿੱਖਿਆ ਪ੍ਰੋਗਰਾਮ।

**ਪ੍ਰੋਗਰਾਮ ਦੀ ਚੋਣ:**

- ਮਾਪਿਆਂ ਨੂੰ ਆਪਣੇ ਬੱਚਿਆਂ ਲਈ ਉਪਲਬਧ ਭਾਸ਼ਾ ਸਹਾਇਤਾ ਪ੍ਰੋਗਰਾਮਾਂ ਵਿੱਚੋਂ ਚੁਣਨ (ਉਦਾਹਰਨ ਲਈ, ਦੋਹਰੀ ਭਾਸ਼ਾ, ਪਰਿਵਰਤਨਸ਼ੀਲ ਦੋਭਾਸ਼ੀ ਸਿੱਖਿਆ, ENL) ਅਤੇ ਹਰੇਕ ਪ੍ਰੋਗਰਾਮ ਵਿਕਲਪ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ।

**ਸਕੂਲ ਦੀਆਂ ਗਤੀਵਿਧੀਆਂ ਵਿੱਚ ਭਾਗੀਦਾਰੀ:**

- ਮਾਪਿਆਂ ਨੂੰ ਉਹਨਾਂ ਦੇ ਬੱਚੇ ਦੀ ਸਿੱਖਿਆ ਨਾਲ ਸਬੰਧਤ ਸਾਰੀਆਂ ਸਕੂਲੀ ਗਤੀਵਿਧੀਆਂ ਅਤੇ ਮੀਟਿੰਗਾਂ ਵਿੱਚ ਭਾਗ ਲੈਣ ਦਾ ਅਧਿਕਾਰ ਹੈ, ਜਿਸ ਵਿੱਚ ਭਾਸ਼ਾ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ।

# ਕਦਮ 1: ਆਪਣੇ ਗਿਆਨ ਅਤੇ ਜਾਗਰੂਕਤਾ ਦਾ ਨਿਰਮਾਣ ਕਰੋ

ਤੁਹਾਡੇ ਬੱਚਿਆਂ ਲਈ ਕਾਲਜ ਅਤੇ ਕਰੀਅਰ ਦੀ ਪਹੁੰਚ

### ਕਾਲਜ ਪਹੁੰਚ

ਗੈਰ-ਦਸਤਾਵੇਜ਼ੀ ਵਿਦਿਆਰਥੀ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਕਾਲਜ ਜਾ ਸਕਦੇ ਹਨ।

### ਮਿਕਸਡ ਸਟੇਟਸ ਫੈਮਿਲੀਜ਼

ਅਮਰੀਕਾ ਵਿੱਚ ਜਨਮੇ ਵਿਦਿਆਰਥੀ ਕਾਲਜ ਜਾ ਸਕਦੇ ਹਨ ਭਾਵੇਂ ਉਨ੍ਹਾਂ ਦੇ ਮਾਪੇ ਬਿਨਾਂ ਦਸਤਾਵੇਜ਼ ਦੇ ਹੋਣ।

### ਵਿੱਤੀ ਸਹਾਇਤਾ

ਗੈਰ-ਦਸਤਾਵੇਜ਼ੀ ਵਿਦਿਆਰਥੀਆਂ ਨੂੰ ਉਹਨਾਂ ਦੀ ਸਿੱਖਿਆ ਲਈ ਵਿੱਤ ਪ੍ਰਦਾਨ ਕਰਨ ਲਈ ਵਿੱਤੀ ਸਹਾਇਤਾ ਉਪਲਬਧ ਹੈ!

## ਗੈਰ-ਦਸਤਾਵੇਜ਼ੀ ਵਿਦਿਆਰਥੀਆਂ ਲਈ ਤੱਥ:

- **ਗੈਰ-ਦਸਤਾਵੇਜ਼ੀ ਵਿਦਿਆਰਥੀ ਫੈਡਰਲ ਵਿੱਤੀ ਸਹਾਇਤਾ ਲਈ ਯੋਗ ਨਹੀਂ ਹਨ**, ਜਿਸ ਵਿੱਚ ਗ੍ਰਾਂਟਾਂ, ਕਰਜ਼ੇ, ਅਤੇ ਕੰਮ-ਅਧਿਐਨ ਪ੍ਰੋਗਰਾਮ ਸ਼ਾਮਲ ਹਨ।
- **ਨਿਊਯਾਰਕ ਵਿੱਚ ਗੈਰ-ਦਸਤਾਵੇਜ਼ੀ ਵਿਦਿਆਰਥੀਆਂ ਕੋਲ ਨਿਊਯਾਰਕ ਸਟੇਟ ਡਰੀਮ ਐਕਟ ਦੁਆਰਾ ਰਾਜ ਦੀ ਵਿੱਤੀ ਸਹਾਇਤਾ ਤੱਕ ਪਹੁੰਚ ਪ੍ਰਾਪਤ ਹੈ,** ਜੋ ਉਹਨਾਂ ਨੂੰ ਵੱਖ-ਵੱਖ ਕਿਸਮਾਂ ਦੀ ਸਹਾਇਤਾ ਲਈ ਅਰਜ਼ੀ ਦੇਣ ਦੀ ਇਜਾਜ਼ਤ ਦਿੰਦਾ ਹੈ, ਜਿਸ ਵਿੱਚ ਸ਼ਾਮਲ ਹਨ:
  - ਟਿਊਸ਼ਨ ਅਸਿਸਟੈਂਸ ਪ੍ਰੋਗਰਾਮ (TAP)
  - ਐਕਸਲਜ਼ੀਅਰ ਸਕਾਲਰਸ਼ਿਪ: ਹਾਜ਼ਰ ਹੋਣ ਵਾਲੇ ਯੋਗ ਵਿਦਿਆਰਥੀਆਂ ਲਈ ਟਿਊਸ਼ਨ ਕਵਰ ਕਰਦਾ ਹੈ SUNY ਜਾਂ CUNY ਸਕੂਲ।
  - ਇਨਹਾਂਸਡ ਟਿਊਸ਼ਨ ਅਵਾਰਡ (ETA): ਨਿਊਯਾਰਕ ਵਿੱਚ ਪ੍ਰਾਈਵੇਟ ਕਾਲਜਾਂ ਵਿੱਚ ਜਾਣ ਵਾਲੇ ਵਿਦਿਆਰਥੀਆਂ ਨੂੰ ਟਿਊਸ਼ਨ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ।
  - ਅਪਲਾਈ ਕਰਨ ਲਈ, ਵਿਦਿਆਰਥੀਆਂ ਨੂੰ NYS DREAM ਐਕਟ ਐਪਲੀਕੇਸ਼ਨ ਨੂੰ ਔਨਲਾਈਨ ਭਰਨਾ ਚਾਹੀਦਾ ਹੈਅਤੇ ਲੋੜਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ।
- **ਨਿਊਯਾਰਕ ਵਿੱਚ ਗੈਰ-ਦਸਤਾਵੇਜ਼ੀ ਵਿਦਿਆਰਥੀ ਪਬਲਿਕ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਇਨ-ਸਟੇਟ ਟਿਊਸ਼ਨ ਦਰਾਂ ਲਈ ਯੋਗ ਹੋ ਸਕਦੇ ਹਨ ਜੇਕਰ ਉਹ ਕੁਝ ਮਾਪਦੰਡਾਂ ਨੂੰ ਪੂਰਾ ਕਰਦੇ ਹਨ,,** ਜਿਸ ਵਿੱਚ ਸ਼ਾਮਲ ਹਨ:
  - ਉਹਨਾਂ ਨੇ ਘੱਟੋ-ਘੱਟ ਦੋ ਸਾਲਾਂ ਲਈ ਨਿਊਯਾਰਕ ਹਾਈ ਸਕੂਲ ਵਿੱਚ ਪੜ੍ਹਿਆ ਹੋਣਾ ਚਾਹੀਦਾ ਹੈ ਅਤੇ ਨਿਊਯਾਰਕ ਹਾਈ ਸਕੂਲ ਤੋਂ ਗ੍ਰੈਜੂਏਟ ਹੋਣਾ ਚਾਹੀਦਾ ਹੈ, ਜਾਂ ਉਹਨਾਂ ਨੇ ਨਿਊਯਾਰਕ ਸਟੇਟ GED ਪ੍ਰਾਪਤ ਕੀਤਾ ਹੋਣਾ ਚਾਹੀਦਾ ਹੈ।
  - ਉਹਨਾਂ ਨੂੰ ਆਪਣਾ ਹਾਈ ਸਕੂਲ ਡਿਪਲੋਮਾ ਜਾਂ GED ਪ੍ਰਾਪਤ ਕਰਨ ਦੇ ਪੰਜ ਸਾਲਾਂ ਦੇ ਅੰਦਰ ਨਿਊਯਾਰਕ ਸਟੇਟ ਕਾਲਜ ਜਾਂ ਯੂਨੀਵਰਸਿਟੀ ਵਿੱਚ ਦਾਖਲਾ ਲੈਣਾ ਚਾਹੀਦਾ ਹੈ।
  - ਉਹਨਾਂ ਨੂੰ ਕਾਲਜ ਜਾਂ ਯੂਨੀਵਰਸਿਟੀ ਕੋਲ ਇੱਕ ਹਲਫ਼ਨਾਮਾ ਦਾਇਰ ਕਰਨਾ ਚਾਹੀਦਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਉਹ ਅਜਿਹਾ ਕਰਨ ਦੇ ਯੋਗ ਹੁੰਦੇ ਹੀ ਕਾਨੂੰਨੀ ਨਿਵਾਸ ਲਈ ਅਰਜ਼ੀ ਦੇਣਗੇ।

## ਮਿਸ਼ਰਤ-ਸਥਿਤੀ ਵਾਲੇ ਪਰਿਵਾਰਾਂ ਵਿੱਚ ਅਮਰੀਕਾ ਵਿੱਚ ਜਨਮੇ ਬੱਚਿਆਂ ਲਈ:

- **ਸੰਘੀ ਸਹਾਇਤਾ ਲਈ ਯੋਗਤਾ:** ਜੇਕਰ ਵਿਦਿਆਰਥੀ ਅਮਰੀਕਾ ਦਾ ਨਾਗਰਿਕ ਹੈ ਜਾਂ ਯੋਗ ਗੈਰ-ਨਾਗਰਿਕ ਹੈ, ਤਾਂ ਉਹ ਫੈਡਰਲ ਸਟੂਡੈਂਟ ਏਡ (FAFSA) ਲਈ ਮੁਫ਼ਤ ਅਰਜ਼ੀ ਨੂੰ ਪੂਰਾ ਕਰ ਸਕਦਾ ਹੈ, ਜੋ ਕਿ ਵਿਦਿਆਰਥੀਆਂ ਦੁਆਰਾ ਉਹਨਾਂ ਦੇ ਮਾਪਿਆਂ ਦੀ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਸੰਘੀ ਵਿੱਤੀ ਸਹਾਇਤਾ ਲਈ ਅਰਜ਼ੀ ਦੇਣ ਲਈ ਵਰਤਿਆ ਜਾਣ ਵਾਲਾ ਇੱਕ ਫਾਰਮ ਹੈ।
- ਪਰਿਵਾਰਾਂ ਨੂੰ ਅੱਪਡੇਟ ਲਈ https://studentaid.gov/h/apply-for-aid/fafsa 'ਤੇ ਜਾਣ ਲਈ ਅਤੇ ਸਹਾਇਤਾ ਲਈ ਆਪਣੇ ਬੱਚੇ ਦੇ ਕਾਲਜ ਕਾਉਂਸਲਰ ਨਾਲ ਗੱਲ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

# ਕਦਮ 1: ਆਪਣੇ ਗਿਆਨ ਅਤੇ ਜਾਗਰੂਕਤਾ ਦਾ ਨਿਰਮਾਣ ਕਰੋ

## ਅਸਥਾਈ ਰਿਹਾਇਸ਼ ਵਿੱਚ ਪਰਿਵਾਰ

**ਅਸਥਾਈ ਰਿਹਾਇਸ਼ ਦੇ ਵਿਦਿਆਰਥੀਆਂ ਵਿੱਚ ਨੌਜਵਾਨ ਅਤੇ ਪਰਿਵਾਰ ਸ਼ਾਮਲ ਹੁੰਦੇ ਹਨ ਜੋ ਹਨ:**

- ਡਬਲਡ ਅੱਪ (ਦੋਸਤਾਂ ਜਾਂ ਰਿਸ਼ਤੇਦਾਰਾਂ ਨਾਲ ਰਹਿੰਦੇ ਹਨ ਕਿਉਂਕਿ ਉਹ ਰਿਹਾਇਸ਼ ਨਹੀਂ ਲੱਭ ਸਕਦੇ ਜਾਂ ਉਸ ਦਾ ਖਰਚਾ ਨਹੀਂ ਚੱਕ ਸਕਦੇ)
- ਇੱਕ ਆਸਰੇ ਜਾਂ ਪਰਿਵਰਤਨਸ਼ੀਲ ਆਸਰੇ ਵਿੱਚ ਰਹਿਣਾ,
- ਇੱਕ ਹੋਟਲ/ਮੋਟਲ ਵਿੱਚ ਰਹਿਣਾ,
- ਕਾਰ, ਬੱਸ ਜਾਂ ਰੇਲਗੱਡੀ ਵਿੱਚ ਰਹਿਣਾ,
- ਇੱਕ ਪਾਰਕ ਜਾਂ ਜਨਤਕ ਸਥਾਨ ਵਿੱਚ ਰਹਿਣਾ, ਜਾਂ
- ਇੱਕ ਛੱਡੀ ਹੋਈ ਇਮਾਰਤ ਵਿੱਚ ਰਹਿਣਾ
- ਮਾਤਾ-ਪਿਤਾ ਜਾਂ ਸਰਪ੍ਰਸਤ ਦੀ ਨਿਗਰਾਨੀ ਵਿੱਚ ਨਾ ਹੋਣ ਵਾਲੇ ਗੈਰ-ਸੰਗਠਿਤ ਨੌਜਵਾਨਾਂ ਨੂੰ ਵੀ ਵਿਚਾਰਿਆ ਜਾਂਦਾ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ:
  - ਜੋ ਘਰੋਂ ਭੱਜ ਗਏ ਹਾਂ,
  - ਜਿਨ੍ਹਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਬਾਹਰ ਕੱਢ ਦਿੱਤਾ ਗਿਆ ਹੈ
  - ਮਾਪਿਆਂ ਦੁਆਰਾ ਛੱਡ ਦਿੱਤਾ ਗਿਆ ਹੈ।

**ਸਰੋਤ:** NYC ਪਬਲਿਕ ਸਕੂਲਾਂ ਦੇ ਵਿਦਿਆਰਥੀ ਅਸਥਾਈ ਰਿਹਾਇਸ਼ ਵਿੱਚ

1

### ਮੈਕਿੰਨੀ-ਵੈਂਟੋ (MCKINNEY-VENTO) ਐਕਟ

ਅਸਥਾਈ ਰਿਹਾਇਸ਼ ਵਿੱਚ ਵਿਦਿਆਰਥੀਆਂ ਦੇ ਅਧਿਕਾਰ ਹੁੰਦੇ ਹਨ, ਜਿਸ ਵਿੱਚ ਮੁਫਤ ਸਿੱਖਿਆ ਦਾ ਅਧਿਕਾਰ, ਮੁਫਤ ਆਵਾਜਾਈ ਦਾ ਅਧਿਕਾਰ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ।

**ਜਿਹੜੇ ਵਿਦਿਆਰਥੀ ਅਤੇ ਪਰਿਵਾਰ ਆਪਣੇ ਮੌਜੂਦਾ ਅਸਥਾਈ ਰਿਹਾਇਸ਼ੀ ਹਾਲਾਤਾਂ ਕਾਰਨ McKinney-Vento ਐਕਟ ਅਧੀਨ ਆਉਂਦੇ ਹਨ, ਉਹ ਹੇਠਾਂ ਦਿੱਤੀ ਸਹਾਇਤਾ ਦੇ ਹੱਕਦਾਰ ਹਨ:**

- ਇੱਕ ਮੁਫਤ ਜਨਤਕ ਸਿੱਖਿਆ.
- ਜ਼ੋਨ ਕੀਤੇ ਸਕੂਲ ਵਿੱਚ ਤੁਰੰਤ ਦਾਖਲਾ, ਬਸ਼ਰਤੇ ਉੱਥੇ ਸੀਟਾਂ ਉਪਲਬਧ ਹੋਣ।
- ਸਕੂਲ ਵਿੱਚ ਹਾਜ਼ਰ ਹੋਵੋ ਭਾਵੇਂ ਉਹ ਆਪਣੇ ਮੌਜੂਦਾ ਸਥਾਨ 'ਤੇ ਕਿੰਨੇ ਸਮੇਂ ਤੱਕ ਰਹੇ ਹਨ।
- ਆਪਣੇ ਮੂਲ ਸਕੂਲ ਵਿੱਚ ਰਹੋ (ਘਰ ਰਹਿਤ ਹੋਣ ਤੋਂ ਪਹਿਲਾਂ ਜਾਂ ਆਖਰੀ ਸਕੂਲ ਵਿੱਚ ਪੜ੍ਹਿਆ ਗਿਆ ਸਕੂਲ) ਜਾਂ ਉਹਨਾਂ ਦੇ ਨਵੇਂ ਜ਼ੋਨ ਵਾਲੇ ਸਕੂਲ ਵਿੱਚ ਜਾਣ ਦੀ ਚੋਣ ਕਰੋ।
- ਸਕੂਲ ਤੱਕ ਅਤੇ ਆਉਣ-ਜਾਣ ਲਈ ਆਵਾਜਾਈ ਸੇਵਾਵਾਂ।
- ਕੇਵਲ ਉਹਨਾਂ ਦੀ ਸਥਿਤੀ ਦੇ ਕਾਰਨ ਜਾਂ ਉਹਨਾਂ ਕੋਲ ਨਾਮਾਂਕਣ ਦਸਤਾਵੇਜ਼ਾਂ ਦੀ ਘਾਟ ਕਾਰਨ ਤੁਰੰਤ ਸਕੂਲ ਵਿੱਚ ਦਾਖਲੇ ਤੋਂ ਇਨਕਾਰ ਨਾ ਕੀਤਾ ਜਾਵੇ।
- ਰੈਗੂਲਰ ਸਕੂਲ ਪ੍ਰੋਗਰਾਮ ਤੋਂ ਵੱਖ ਨਾ ਕੀਤਾ ਜਾਵੇ ਕਿਉਂਕਿ ਉਹ ਬੇਘਰ ਹਨ।
- ਮੁਫ਼ਤ ਸਕੂਲੀ ਭੋਜਨ ਪ੍ਰਾਪਤ ਕਰਨ ਲਈ।

**ਸਰੋਤ:** NYC ਪਬਲਿਕ ਸਕੂਲਾਂ ਦੇ ਵਿਦਿਆਰਥੀ ਅਸਥਾਈ ਰਿਹਾਇਸ਼ ਵਿੱਚ

# ਕਦਮ 1: ਆਪਣੇ ਗਿਆਨ ਅਤੇ ਜਾਗਰੂਕਤਾ ਦਾ ਨਿਰਮਾਣ ਕਰੋ

ਅਸਥਾਈ ਰਿਹਾਇਸ਼ ਵਿੱਚ ਪਰਿਵਾਰ

2

## ਗੈਰ-ਦਸਤਾਵੇਜ਼ਿਤ ਪਰਿਵਾਰ

ਗੈਰ-ਦਸਤਾਵੇਜ਼ੀ ਪ੍ਰਵਾਸੀ ਪਰਿਵਾਰ ਸ਼ਹਿਰ ਦੀਆਂ ਕਈ ਸੇਵਾਵਾਂ ਤੱਕ ਪਹੁੰਚ ਬਣਾ ਸਕਦੇ ਹਨ, ਭਾਵੇਂ ਉਨ੍ਹਾਂ ਦੀ ਸਥਿਤੀ ਕੋਈ ਵੀ ਹੋਵੇ।

**ਇਮੀਗ੍ਰੇਸ਼ਨ ਸਥਿਤੀ ਦੇ ਬਾਵਜੂਦ ਪਰਿਵਾਰ ਪਹੁੰਚ ਕਰ ਸਕਦੇ ਹਨ:**

- ਘੱਟ ਲਾਗਤ ਵਾਲਾ ਜਾਂ ਮੁਫ਼ਤ ਸਿਹਤ ਬੀਮਾ
- ਨਾਸ਼ਤਾ ਜਾਂ ਦੁਪਹਿਰ ਦਾ ਖਾਣਾ ਮੁਫ਼ਤ
- IDNYC ਦੁਆਰਾ ਇੱਕ ਮੁਫਤ ਸਿਟੀ ਆਈਡੀ ਕਾਰਡ
- ਪੈਂਟਰੀਆਂ ਅਤੇ ਭਾਈਚਾਰਕ ਰਸੋਈਆਂ ਤੋਂ ਭੋਜਨ
- NYC ਗਰਮੀਆਂ ਦੇ ਸੰਸ਼ੋਧਨ ਪ੍ਰੋਗਰਾਮ

**ਸਰੋਤ:** ਅਸਥਾਈ ਰਿਹਾਇਸ਼ਸਰੋਤ ਗਾਈਡ ਵਿੱਚ ਵਿਦਿਆਰਥੀ

3

## ਪਰਿਵਾਰਕ ਸੁਆਗਤ ਕੇਂਦਰ

ਸੁਆਗਤ ਕੇਂਦਰ, ਸਕੂਲ ਦੇ ਸਮਾਜਿਕ ਵਰਕਰ, ਅਤੇ ਔਨਲਾਈਨ ਸਰੋਤ ਤੁਹਾਨੂੰ ਸਹਾਇਤਾ ਤੱਕ ਪਹੁੰਚ ਬਣਾਉਣ ਲਈ ਸਥਾਨਕ ਸਹਾਇਤਾ ਪ੍ਰਦਾਨ ਕਰਦੇ ਹਨ।

**ਮੁੱਖ ਸਰੋਤ:**

- **ਦਾਖਲੇ ਲਈ ਸੁਆਗਤ ਕੇਂਦਰ:**
  - https://www.schools.nyc.gov/enrollment/enrollment-help/family-welcome-centers
- ਰਿਹਾਇਸ਼, ਜਨਤਕ ਲਾਭ, ਆਵਾਜਾਈ, ਅਤੇ ਭੋਜਨ ਤੱਕ ਪਹੁੰਚ ਬਣਾਉਣ ਦੀ ਯੋਗਤਾ ਦੇ ਆਲੇ ਦੁਆਲੇ ਮੁੱਖ ਸਰੋਤਾਂ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਲਈ ਆਪਣੇ **ਸਕੂਲ ਦੇ ਸੋਸ਼ਲ ਵਰਕਰ** ਨਾਲ ਸੰਪਰਕ ਕਰੋ।
- **ਅਸਥਾਈ ਰਿਹਾਇਸ਼ ਮੁੱਖ ਗਾਈਡ ਵਿੱਚ ਵਿਦਿਆਰਥੀ:**
  - sth.cityofnewyork.us/

# ਕਦਮ 2: ਸ਼ਮੂਲੀਅਤ ਦੁਆਰਾ ਏਜੰਸੀ ਦਾ ਅਭਿਆਸ ਕਰੋ

- ਸਿੱਖਿਅਕਾਂ ਨਾਲ ਪ੍ਰਭਾਵੀ ਸੰਚਾਰ ਲਈ ਰਣਨੀਤੀਆਂ
- ਸਕੂਲ ਦੇ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿੱਚ ਮਾਤਾ-ਪਿਤਾ ਅਤੇ ਪਰਿਵਾਰ ਦੀ ਸ਼ਮੂਲੀਅਤ ਲਈ ਮੌਕੇ
- ਆਪਣੇ ਸਕੂਲ ਵਿੱਚ ਸੱਭਿਆਚਾਰਕ ਯੋਗਤਾ ਅਤੇ ਸ਼ਮੂਲੀਅਤ ਨੂੰ ਹੁੰਗਾਰਾ ਦੇਣਾ

**ਪਰਿਵਾਰ, ਸਿੱਖਿਅਕ, ਅਤੇ ਭਾਈਚਾਰਕ ਮੈਂਬਰ ਵਿਦਿਆਰਥੀ ਦੀ ਸਫਲਤਾ ਨੂੰ ਉਤਸ਼ਾਹਿਤ ਕਰਨ ਲਈ ਸਾਰੇ ਜ਼ਰੂਰੀ ਹਿੱਸੇਦਾਰ ਹਨ।**

ਸਕੂਲ ਦੀ ਸ਼ਮੂਲੀਅਤ ਹਰ ਪਰਿਵਾਰ ਲਈ ਵੱਖਰੀ ਦਿਖਾਈ ਦਿੰਦੀ ਹੈ। ਤੁਹਾਡੇ ਅਤੇ ਤੁਹਾਡੇ ਬੱਚੇ ਲਈ ਕੰਮ ਵਿੱਚ ਸ਼ਾਮਲ ਹੋਣ ਦੇ ਸਭ ਤੋਂ ਵਧੀਆ ਤਰੀਕੇ ਨਿਰਧਾਰਤ ਕਰਨ ਲਈ ਆਪਣੀ ਏਜੰਸੀ ਦੀ ਵਰਤੋਂ ਕਰੋ।

ਇਸ ਟੀਮ ਵਰਕ ਦੇ ਕੇਂਦਰ ਵਿੱਚ ਉਹ ਵਿਦਿਆਰਥੀ ਹੈ ਜੋ ਇੱਕ ਅਜਿਹੇ ਪਰਿਵਾਰ ਤੋਂ ਲਾਭ ਪ੍ਰਾਪਤ ਕਰਦਾ ਹੈ ਜੋ ਸੂਚਿਤ, ਰੁੱਝਿਆ ਹੋਇਆ ਅਤੇ ਮੌਜੂਦ ਹੈ।

**ਅਭਿਆਸ #1**

ਆਪਣੇ ਬੱਚੇ ਦੇ ਸਕੂਲ ਅਤੇ ਸਿੱਖਿਅਕਾਂਪ੍ਰਤੀ ਜਵਾਬਦੇਹ ਅਤੇ ਗੱਲਬਾਤ ਵਿੱਚ ਰਹੋ।

**ਅਭਿਆਸ #2**

ਆਪਣੇ ਬੱਚੇ ਦੇ ਸਕੂਲ ਵਿੱਚ ਮੌਜੂਦ ਅਤੇ ਦ੍ਰਿਸ਼ਮਾਨ ਰਹੋ।

**ਅਭਿਆਸ #3**

ਫੀਡਬੈਕ ਪ੍ਰਦਾਨ ਕਰੋ ਅਤੇ ਆਪਣੇ ਬੱਚੇ ਦੇ ਸਕੂਲ ਨਾਲ ਆਪਣੀ ਸਮਝ ਨੂੰ ਸਾਂਝਾ ਕਰੋ।

**ਯਾਦ ਰੱਖੋ ਕਿ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਅਤੇ ਭਾਸ਼ਾ ਦੀਆਂ ਯੋਗਤਾਵਾਂ ਤੁਹਾਡੇ ਬੱਚੇ ਦੇ ਸਕੂਲ ਵਿੱਚ ਰੁੱਝੇ ਰਹਿਣ ਵਿੱਚ ਰੁਕਾਵਟ ਨਹੀਂ ਹਨ!**

# ਕਦਮ 2: ਸ਼ਮੂਲੀਅਤ ਦੁਆਰਾ ਏਜੰਸੀ ਦਾ ਅਭਿਆਸ ਕਰੋ

### ਆਪਣੀ ਸੰਪਰਕ ਜਾਣਕਾਰੀ ਨੂੰ ਅੱਪਡੇਟ ਕਰੋ

ਆਪਣੇ ਬੱਚੇ ਦੇ ਸਕੂਲ ਦਫ਼ਤਰ ਨਾਲ ਆਪਣੇ ਵੇਰਵਿਆਂ ਨੂੰ ਅੱਪਡੇਟ ਕਰਕੇ ਇਸ ਗੱਲ ਨੂੰ ਯਕੀਨੀ ਬਣਾਓ ਕਿ ਤੁਹਾਡੀ ਐਮਰਜੈਂਸੀ ਸੰਪਰਕ ਜਾਣਕਾਰੀ ਮੌਜੂਦਾ ਹੈ।

### ਆਪਣੇ ਮਾਤਾ-ਪਿਤਾ ਕੋਆਰਡੀਨੇਟਰ ਨਾਲ ਗੱਲ ਕਰੋ

ਪ੍ਰੋਗਰਾਮਾਂ, ਸਰੋਤਾਂ, ਸਿਖਲਾਈ, ਸਮਾਗਮਾਂ, ਅਤੇ ਸ਼ਮੂਲੀਅਤ ਦੇ ਮੌਕਿਆਂ ਬਾਰੇ ਮਾਰਗਦਰਸ਼ਨ ਅਤੇ ਜਾਣਕਾਰੀ ਲਈ ਆਪਣੇ ਬੱਚੇ ਦੇ ਸਕੂਲ ਵਿੱਚ ਮਾਤਾ-ਪਿਤਾ ਕੋਆਰਡੀਨੇਟਰ ਨਾਲ ਜੁੜੋ।

**ਅਭਿਆਸ #1: ਆਪਣੇ ਬੱਚੇ ਦੇ ਸਕੂਲ ਅਤੇ ਸਿੱਖਿਅਕਾਂਪ੍ਰਤੀ ਜਵਾਬਦੇਹ ਰਹੋ ਅਤੇ ਗੱਲਬਾਤ ਕਰਦੇ ਰਹੋ।**

### ਨਿਊਯਾਰਕ ਸਿਟੀ ਸਕੂਲਾਂ ਦਾ ਖਾਤਾ

NYC ਸਕੂਲ ਖਾਤਾ (NYCSA) ਐਪ ਤੁਹਾਡੇ ਬੱਚੇ ਦੇ ਗ੍ਰੇਡ, ਹਾਜ਼ਰੀ, ਸਮਾਂ-ਸਾਰਣੀ, ਅਤੇ ਹੋਰ ਬਹੁਤ ਕੁਝ ਤੱਕ ਪਹੁੰਚ ਪ੍ਰਦਾਨ ਕਰਕੇ ਉਸ ਦੀ ਸਿੱਖਿਆ ਨੂੰ ਟਰੈਕ ਕਰਨ ਵਿੱਚ ਤੁਹਾਡੀ ਮਦਦ ਕਰਦੀ ਹੈ।



### ਅਧਿਆਪਕਾਂ ਨਾਲ ਸੰਚਾਰ ਕਰੋ

ਅਧਿਆਪਕ ਅਤੇ ਸਕੂਲ ਸਟਾਫ਼ ਫ਼ੋਨ ਕਾਲਾਂ, ਲਿਖਤਾਂ, ਅਤੇ/ਜਾਂ ਈਮੇਲਾਂ ਰਾਹੀਂ ਸੰਪਰਕ ਕਰੇਗਾ। ਯਕੀਨੀ ਬਣਾਓ ਕਿ ਸੰਚਾਰ ਤੁਹਾਡੀ ਭਾਸ਼ਾ ਵਿੱਚ ਹੈ। ਜੇਕਰ ਤੁਹਾਨੂੰ ਅਨੁਵਾਦ ਸਹਾਇਤਾ ਦੀ ਲੋੜ ਹੈ ਤਾਂ ਸਕੂਲ ਨਾਲ ਸੰਪਰਕ ਕਰੋ।

**ਸਰੋਤ:**

- ਜੇਕਰ ਤੁਹਾਨੂੰ ਤੁਹਾਡੇ ਬੱਚੇ ਦੇ ਸਕੂਲ ਦੇ ਮਾਤਾ-ਪਿਤਾ ਕੋਆਰਡੀਨੇਟਰ ਸਮੇਤ ਖਾਸ ਸਕੂਲ ਸਟਾਫ ਲਈ ਸੰਪਰਕ ਜਾਣਕਾਰੀ ਪਤਾ ਲਗਾਉਣ ਦੀ ਲੋੜ ਹੈ, ਤਾਂ https://schoolsearch.schools.nyc/ ‘ਤੇ ਜਾਓ ਅਤੇ ਸਕੂਲ ਦਾ ਨਾਮ ਦਰਜ ਕਰੋ।
- ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਨਿਊਯਾਰਕ ਸਿਟੀ ਸਕੂਲਾਂ ਦਾ ਖਾਤਾ ਹੈ। ਆਪਣੀ ਭਾਸ਼ਾ ਵਿੱਚ ਖਾਤਾ ਖੋਲ੍ਹਣ ਲਈ https://www.schoolsaccount.nyc/ ‘ਤੇ ਜਾਓ।

**ਸੁਝਾਅ:** ਇੱਕ ਦੋਸਤ ‘ਤੇ ਨਿਸ਼ਾਨ ਲਗਾਓ! ਜੇਕਰ ਤੁਸੀਂ ਆਪਣੇ ਸਕੂਲ ਨਾਲ ਸੰਚਾਰ ਦੇ ਸਾਰੇ ਸਾਧਨ ਸਥਾਪਤ ਕਰ ਲਏ ਹਨ, ਤਾਂ ਇੱਕ ਦੋਸਤ ਨੂੰ ਇੱਕ ਭਾਈਚਾਰੇ ਦੇ ਰੂਪ ਵਿੱਚ ਸੂਚਿਤ ਰਹਿਣ ਲਈ ਉਹੀ ਕਦਮਾਂ ਦੀ ਪਾਲਣਾ ਕਰਨ ਲਈ ਕਹੋ!

# ਕਦਮ 2: ਸ਼ਮੂਲੀਅਤ ਦੁਆਰਾ ਏਜੰਸੀ ਦਾ ਅਭਿਆਸ ਕਰੋ

### ਸਕੂਲ ਦੀਆਂ ਮੀਟਿੰਗਾਂ ਅਤੇ ਸਮਾਗਮਾਂ ਵਿੱਚ ਹਿੱਸਾ ਲਓ

ਆਪਣੀ ਸ਼ਮੂਲੀਅਤ, ਤੁਹਾਡੀ ਆਵਾਜ਼ ਅਤੇ ਸਮਰਥਨ ਦਿਖਾਉਣ ਲਈ ਸਕੂਲ ਦੇ ਸਮਾਗਮਾਂ, ਜਿਵੇਂ ਕਿ ਫੀਲਡ ਟ੍ਰਿਪ, ਕਲਾਸਰੂਮ ਸਹਾਇਤਾ, ਜਾਂ ਸਕੂਲ ਦੇ ਮੇਲਿਆਂ ਵਿੱਚ ਸ਼ਾਮਲ ਹੋਵੋ।

### ਮਾਪਿਆਂ ਦੀ ਅਗਵਾਈ ਵਾਲੇ ਸਮੂਹਾਂ ਅਤੇ ਕਮੇਟੀਆਂ ਵਿੱਚ ਸ਼ਾਮਲ ਹੋਵੋ

ਭਾਸ਼ਾ ਦੀਆਂ ਯੋਗਤਾਵਾਂ ਦੀ ਪਰਵਾਹ ਕੀਤੇ ਬਿਨਾਂ, ਸਕੂਲ ਦੇ ਫੈਸਲਿਆਂ ਅਤੇ ਗਤੀਵਿਧੀਆਂ ਵਿੱਚ ਯੋਗਦਾਨ ਪਾਉਣ ਲਈ ਮਾਤਾ-ਪਿਤਾ-ਅਧਿਆਪਕ ਐਸੋਸੀਏਸ਼ਨ ਜਾਂ ਹੋਰ ਸਕੂਲ ਕਮੇਟੀਆਂ ਦੇ ਸਰਗਰਮ ਮੈਂਬਰ ਬਣੋ।

**ਅਭਿਆਸ #2:**

**ਆਪਣੇ ਬੱਚੇ ਦੇ ਸਕੂਲ ਵਿੱਚ ਮੌਜੂਦ ਅਤੇ ਦ੍ਰਿਸ਼ਮਾਨ ਰਹੋ।**

### ਮਾਤਾ-ਪਿਤਾ ਅਧਿਆਪਕ ਕਾਨਫਰੰਸਾਂ ਵਿੱਚ ਸ਼ਾਮਲ ਹੋਵੋ

ਆਪਣੇ ਬੱਚੇ ਦੀ ਪ੍ਰਗਤੀ ਬਾਰੇ ਸੂਚਿਤ ਰਹਿਣ ਅਤੇ ਕਿਸੇ ਵੀ ਚਿੰਤਾ ਦਾ ਹੱਲ ਕਰਨ ਲਈ ਆਪਣੇ ਬੱਚੇ ਦੇ ਅਧਿਆਪਕਾਂ ਨਾਲ ਮੀਟਿੰਗਾਂ ਵਿੱਚ ਨਿਯਮਿਤ ਤੌਰ 'ਤੇ ਹਿੱਸਾ ਲਓ। ਸਕੂਲ ਨੂੰ ਅਨੁਵਾਦ ਅਤੇ ਵਿਆਖਿਆ ਸੇਵਾਵਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ।



### ਨਿਯਮਿਤ ਤੌਰ 'ਤੇ ਸਕੂਲ ਦਾ ਦੌਰਾ ਕਰੋ

ਤੁਹਾਡੇਬੱਚੇ ਦੀ ਸਿੱਖਿਆ ਅਤੇ ਤੰਦਰੁਸਤੀ ਵਿੱਚ ਤੁਹਾਡੀ ਨਿਰੰਤਰ ਦਿਲਚਸਪੀ ਦਿਖਾਉਂਦੇ ਹੋਏਸਟਾਫ਼ ਅਤੇ ਅਧਿਆਪਕਾਂ ਨਾਲ ਗੱਲਬਾਤ ਕਰਨ ਲਈ ਸਮੇਂ-ਸਮੇਂ 'ਤੇ ਸਕੂਲ ਦੇ ਦੌਰੇ ਕਰੋ।

**ਸਰੋਤ:**

- ਸਕੂਲ ਕੈਲੰਡਰ 'ਤੇ NYC ਪਬਲਿਕ ਸਕੂਲ ਦੀਆਂ ਮਹੱਤਵਪੂਰਨ ਤਾਰੀਖਾਂ ਨੂੰ ਜਾਣੋ: https://www.schools.nyc.gov/calendar

### ਸੁਝਾਅ: ਕੀ ਤੁਸੀਂ ਆਪਣੇ ਬੱਚੇ ਦੇ ਅਧਿਆਪਕਾਂ ਨੂੰ ਇਹ ਸਵਾਲ ਪੁੱਛੇ ਹਨ?

- ਮੇਰੇ ਬੱਚੇ ਤੋਂ ਇਸ ਗ੍ਰੇਡ ਪੱਧਰ 'ਤੇ ਕੀ ਸਿੱਖਣ ਦੀ ਉਮੀਦ ਕੀਤੀ ਜਾਂਦੀ ਹੈ, ਅਤੇ ਉਹ ਕਿਹੜੇ ਵੱਡੇ ਪ੍ਰੋਜੈਕਟ ਕਰ ਰਿਹਾ ਹੋਵੇਗਾ?
- ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰਾ ਬੱਚਾ ਪੂਰੇ ਸਾਲ ਦੌਰਾਨ ਭਾਸ਼ਾ ਅਤੇ ਗ੍ਰੇਡ-ਪੱਧਰ ਦੀਆਂ ਉਮੀਦਾਂ ਨੂੰ ਪੂਰਾ ਕਰ ਰਿਹਾ ਹੈ?
- ਮੇਰਾ ਬੱਚਾ ਕੀ ਚੰਗਾ ਕਰਦਾ ਹੈ ਅਤੇ ਉਹ ਕਿੱਥੇ ਸੰਘਰਸ਼ ਕਰਦਾ ਹੈ?
- ਜੇਕਰ ਮੇਰੇ ਬੱਚੇ ਨੂੰ ਵਾਧੂ ਮਦਦ ਦੀ ਲੋੜ ਹੈ ਜਾਂ ਉਹ ਕਲਾਸਰੂਮ ਤੋਂ ਬਾਹਰ ਹੋਰ ਸਿੱਖਣਾ ਚਾਹੁੰਦਾ ਹੈ ਤਾਂ ਕਿਹੜੇ ਸਰੋਤ ਉਪਲਬਧ ਹਨ?
- ਜੇਕਰ ਮੇਰੇ ਕੋਈ ਸਵਾਲ ਹਨ ਤਾਂ ਮੈਂ ਤੁਹਾਡੇ ਨਾਲ ਕਿਵੇਂ ਸੰਪਰਕ ਕਰ ਸਕਦਾ/ਸਕਦੀ ਹਾਂ?

# ਕਦਮ 2: ਸ਼ਮੂਲੀਅਤ ਦੁਆਰਾ ਏਜੰਸੀ ਦਾ ਅਭਿਆਸ ਕਰੋ

## ਅਭਿਆਸ #3: ਫੀਡਬੈਕ ਪ੍ਰਦਾਨ ਕਰੋ ਅਤੇ ਆਪਣੇ ਬੱਚੇ ਦੇ ਸਕੂਲ ਨਾਲ ਆਪਣੀ ਸਮਝ ਸਾਂਝੀ ਕਰੋ

### ਤੁਹਾਡਾ ਦ੍ਰਿਸ਼ਟੀਕੋਣ ਮਾਇਨੇ ਰੱਖਦਾ ਹੈ

NYC ਪਬਲਿਕ ਸਕੂਲ ਉਦੋਂ ਪ੍ਰਫੁੱਲਤ ਹੁੰਦੇ ਹਨ ਜਦੋਂ ਪ੍ਰਵਾਸੀ ਮਾਪੇ ਸ਼ਾਮਲ ਹੁੰਦੇ ਹਨ ਅਤੇ ਇੱਕ ਵਿਲੱਖਣ ਦ੍ਰਿਸ਼ਟੀਕੋਣ ਸਾਂਝਾ ਕਰਦੇ ਹਨ ਜੋ ਪ੍ਰਵਾਸੀ ਵਿਦਿਆਰਥੀਆਂ ਲਈ ਉਹਨਾਂ ਦੇ ਪ੍ਰੋਗਰਾਮਿੰਗ ਅਤੇ ਸਹਾਇਤਾਪ੍ਰਣਾਲੀਆਂ ਨੂੰ ਸੂਚਿਤ ਕਰਦਾ ਹੈ।

### ਆਪਣੇ ਬੱਚੇ ਦੀਆਂ ਲੋੜਾਂ ਬਾਰੇ ਸੰਚਾਰ ਕਰੋ

ਅਧਿਆਪਕਾਂ ਅਤੇ ਸਕੂਲ ਸਟਾਫ ਨੂੰ ਕਿਸੇ ਖਾਸ ਲੋੜਾਂ, ਸਿੱਖਣ ਦੀਆਂ ਸ਼ੈਲੀਆਂ, ਜਾਂ ਸੱਭਿਆਚਾਰਕ ਕਾਰਕਾਂ ਬਾਰੇ ਸੂਚਿਤ ਕਰੋ ਜੋ ਤੁਹਾਡੇ ਬੱਚੇ ਦੀਬਿਹਤਰ ਮਦਦ ਕਰਨ ਵਿੱਚ ਉਸ ਦੀ ਮਦਦ ਕਰ ਸਕਦੇ ਹਨ।

### ਸਕੂਲ ਸਰਵੇਖਣਾਂ ਫੀਡਬੈਕ ਫਾਰਮਾਂ ਵਿੱਚ ਹਿੱਸਾ ਲਓ:

ਆਪਣੇ ਵਿਚਾਰਾਂ ਅਤੇ ਸੁਝਾਵਾਂ ਨੂੰ ਪ੍ਰਗਟ ਕਰਨ ਲਈ ਸਕੂਲ ਦੁਆਰਾ ਪ੍ਰਦਾਨ ਕੀਤੇ ਗਏ ਕਿਸੇ ਵੀ ਸਰਵੇਖਣ ਜਾਂ ਫੀਡਬੈਕ ਮੌਕਿਆਂ ਵਿੱਚ ਹਿੱਸਾ ਲਓ।

### ਆਪਣੀ ਖੁਦ ਦੀ ਜਗ੍ਹਾ ਬਣਾਓ

ਜੇਕਰ ਤੁਹਾਡਾ ਸਕੂਲ ਤੁਹਾਡੀ ਭਾਸ਼ਾ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਜਾਂ ਤੁਹਾਡੀ ਸ਼ਮੂਲੀਅਤ ਦੀ ਸਹੂਲਤ ਲਈ ਸਰੋਤਾਂ ਦੀ ਵਰਤੋਂ ਨਹੀਂ ਕਰ ਰਿਹਾ ਹੈ, ਤਾਂ ਪਰਵਾਸੀ ਪਰਿਵਾਰਾਂ ਦੀਆਂ ਆਵਾਜ਼ਾਂ ਸੁਣੀਆਂ ਅਤੇ ਵਿਚਾਰੀਆਂ ਜਾਣ ਨੂੰ ਯਕੀਨੀ ਬਣਾਉਣ ਲਈ ਬਦਲਾਵਾਂ ਦੀ ਵਕਾਲਤ ਕਰਨ ਲਈ ਤਿਆਰ ਦੂਜੇ ਮਾਪਿਆਂ ਅਤੇ ਅਧਿਆਪਕਾਂ ਦੀ ਸਹਾਇਤਾ ਪ੍ਰਣਾਲੀ ਬਣਾਓ।

**ਸਰੋਤ:**

- ਜਿੱਥੇ ਤੁਹਾਡੇ ਦ੍ਰਿਸ਼ਟੀਕੋਣ ਦੀ ਲੋੜ ਹੈ ਉੱਥੇ ਸ਼ਾਮਲ ਹੋਵੋ:
  - ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਵਕਾਲਤ ਕਰਨ ਲਈ, ਪੇਰੈਂਟ ਐਸੋਸੀਏਸ਼ਨ ਵਿੱਚ ਸ਼ਾਮਲ ਹੋਵੋ: https://www.schools.nyc.gov/get-involved/families/parent-associations
  - ਸਮਾਵੇਸ਼ ਅਤੇ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ, ਸਕੂਲ ਵੈਲਨੈਸ ਕੌਂਸਲ ਵਿੱਚ ਸ਼ਾਮਲ ਹੋਵੋ: https://www.schools.nyc.gov/get-involved/families/school-wellness-councils

**ਸੁਝਾਅ:** ਜੇਕਰ ਤੁਸੀਂ ਆਪਣੇ ਸਕੂਲ ਵਿੱਚ ਕੁਝ ਅਜਿਹਾ ਹੁੰਦਾ ਦੇਖਦੇ ਹੋ ਜਿਸ ਨੂੰ ਤੁਸੀਂ ਬਦਲਣਾ ਚਾਹੁੰਦੇ ਹੋ, ਤਾਂ ਕਿਸੇ ਉਸ ਸਹਿਯੋਗੀ ਜਾਂ ਸਟਾਫ਼ ਮੈਂਬਰ ਬਾਰੇ ਸੋਚੋ ਜੋ ਮਦਦ ਕਰ ਸਕਦਾ ਹੈ। ਉਹਨਾਂ ਨਾਲ ਆਪਣੀਆਂ ਚਿੰਤਾਵਾਂ ਸਾਂਝੀਆਂ ਕਰੋ, ਫਾਲੋ-ਅੱਪ ਕਰੋ, ਅਤੇ ਸਕੂਲੀ ਟੀਮ ਦੇ ਰੂਪ ਵਿੱਚ ਮਿਲ ਕੇ ਇਸ ਮੁੱਦੇ ਨੂੰ ਹੱਲ ਕਰਨ ਲਈ ਵਚਨਬੱਧ ਰਹੋ।

# ਕਦਮ 3: ਸਸ਼ਕਤੀਕਰਨ ਲਈ ਸਾਧਨਾਂ ਤੱਕ ਪਹੁੰਚ ਬਣਾਉ

## ਭਾਸ਼ਾ ਪਹੁੰਚ ਸੇਵਾਵਾਂ

NYC ਪਬਲਿਕ ਸਕੂਲ ਤੁਹਾਡੀ ਭਾਸ਼ਾ ਬੋਲਦੇ ਹਨ! ਪਰਿਵਾਰ ਭਾਸ਼ਾ ਸੇਵਾਵਾਂ ਲਈ ਬੇਨਤੀ ਕਰ ਸਕਦੇ ਹਨ। ਹੋਰ ਜਾਣੋ: schools.nyc.gov/school-life/school-environment/hello

## NYC ਪਬਲਿਕ ਸਕੂਲਾਂ ਦੁਆਰਾ ਮਾਤਾ-ਪਿਤਾ ਯੂਨੀਵਰਸਿਟੀ

ਮਾਤਾ-ਪਿਤਾ ਯੂਨੀਵਰਸਿਟੀ ਮੁਫ਼ਤ ਕੋਰਸਾਂ, ਸਰੋਤਾਂ, ਸਮਾਗਮਾਂ ਅਤੇ ਗਤੀਵਿਧੀਆਂ ਰਾਹੀਂ ਆਪਣੇ ਵਿਦਿਆਰਥੀ ਦੀ ਸਿੱਖਿਆ ਵਿੱਚ ਭਾਗੀਦਾਰਾਂ, ਵਕੀਲਾਂ ਅਤੇ ਜੀਵਨ ਭਰ ਸਿੱਖਿਅਕਾਂ ਵਜੋਂ ਪਰਿਵਾਰਾਂ ਨੂੰ ਸਿੱਖਿਆ ਅਤੇ ਸ਼ਕਤੀ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੀ ਹੈ। ਰਜਿਸਟਰ ਕਰੋ: parentu.schools.nyc

## ਭਾਈਚਾਰਾ-ਆਧਾਰਿਤ ਸੰਸਥਾਵਾਂ

ਭਾਈਚਾਰਕ ਸੰਸਥਾਵਾਂ ਜੋ ਬਹੁਭਾਸ਼ੀ ਸਿਖਿਆਰਥੀਆਂ ਅਤੇ ਪ੍ਰਵਾਸੀ ਵਿਦਿਆਰਥੀਆਂ ਦੀ ਮਦਦ ਕਰਦੀਆਂ ਹਨ: bit.ly/DMLCBO

## ਮੁਫ਼ਤ ਵਿੱਚ ਅੰਗਰੇਜ਼ੀ ਸਿੱਖੋ

ਵੀ ਸਪੀਕ NYC (WSNYC) ਸ਼ਹਿਰ ਦਾ ਮੁਫ਼ਤ ਬਾਲਗ ਅੰਗਰੇਜ਼ੀ ਭਾਸ਼ਾ ਸਿੱਖਣ ਅਤੇ ਗੱਲਬਾਤ ਕਰਨ ਦਾ ਪ੍ਰੋਗਰਾਮ ਹੈ ਜੋ ਮੇਅਰ ਆਫ਼ ਇਮੀਗ੍ਰੈਂਟ ਅਫੇਅਰਜ਼ (MOIA) ਦੁਆਰਾ ਵਿਕਸਤ ਅਤੇ ਪ੍ਰਬੰਧਿਤ ਕੀਤਾ ਗਿਆ ਹੈ। ਇਸ 'ਤੇ ਜਾਓ: nyc.gov/wespeaknyc

## ਇਮੀਗ੍ਰੇਸ਼ਨ ਕਾਨੂੰਨੀ ਸਹਾਇਤਾ

IDNYC ਕਾਰਡ ਇੱਕ ਪਹੁੰਚਯੋਗ ਅਤੇ ਸੁਰੱਖਿਅਤ ਦਸਤਾਵੇਜ਼ ਹੈ ਜੋ ਤੁਹਾਨੂੰ ਸਿਟੀ ਸੇਵਾਵਾਂ ਤੱਕ ਪਹੁੰਚ ਬਣਾਉਣ ਅਤੇ ਸ਼ਹਿਰ ਦੀਆਂ ਇਮਾਰਤਾਂ ਵਿੱਚ ਦਾਖਲ ਹੋਣ ਦੇ ਯੋਗ ਬਣਾਉਂਦਾ ਹੈ ਜੋ ਜਨਤਾ ਨੂੰ ਸੇਵਾਵਾਂ ਪ੍ਰਦਾਨ ਕਰਦੀਆਂ ਹਨ। nyc.gov/site/idnyc/index.page 'ਤੇ ਜਾਓ

ਗੈਰ-ਦਸਤਾਵੇਜ਼ੀ ਪ੍ਰਵਾਸੀ ਜੋ ਨਿਊਯਾਰਕ ਰਾਜ ਦੇ ਵਸਨੀਕ ਹਨ, ਇੱਕ ਸਟੈਂਡਰਡ ਡਰਾਈਵਿੰਗ ਲਾਇਸੈਂਸ ਜਾਂ ਗੈਰ-ਡਰਾਈਵਰ ਆਈਡੀ ਕਾਰਡ ਲਈ ਅਰਜ਼ੀ ਦੇ ਸਕਦੇ ਹਨ। ਫੇਰੀ: dmv.ny.gov/

## ਇਮੀਗ੍ਰੇਸ਼ਨ ਕਾਨੂੰਨੀ ਸਹਾਇਤਾ

ਨਿਊਯਾਰਕ ਸਿਟੀ ਸਿਹਤ ਸਹੂਲਤਾਂ, ਸਕੂਲਾਂ ਅਤੇ ਲਾਇਬ੍ਰੇਰੀਆਂ ਸਮੇਤ ਵੱਖ-ਵੱਖ ਸਾਈਟਾਂ 'ਤੇ ਭਰੋਸੇਯੋਗ ਭਾਈਚਾਰਕ ਸੰਸਥਾਵਾਂ ਰਾਹੀਂ ਮੁਫ਼ਤ, ਸੁਰੱਖਿਅਤ ਇਮੀਗ੍ਰੇਸ਼ਨ ਕਾਨੂੰਨੀ ਮਦਦ ਦੀ ਪੇਸ਼ਕਸ਼ ਕਰਦੀ ਹੈ। ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਸੇਵਾਵਾਂ ਤੁਹਾਡੀ ਭਾਸ਼ਾ ਵਿੱਚ ਉਪਲਬਧ ਹਨ। MOIA ਇਮੀਗ੍ਰੇਸ਼ਨ ਲੀਗਲ ਸਪੋਰਟ ਹੌਟਲਾਈਨ ਨੂੰ 800- 354-0365, ਜਾਂ 311 'ਤੇ ਕਾਲ ਕਰੋ ਅਤੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ "ActionNYC" ਬੋਲੋ।

# ਪਰਿਵਾਰਕ ਸ਼ਮੂਲੀਅਤ ਦਾ ਇੱਕ ਦ੍ਰਿਸ਼ ਮਾਡਲ

ਪ੍ਰਵਾਸੀ ਅਤੇ ਬਹੁ-ਭਾਸ਼ੀ ਪਰਿਵਾਰਾਂ ਕੋਲ ਆਪਣੇ ਅਧਿਕਾਰਾਂ ਅਤੇ ਉਪਲਬਧ ਸਰੋਤਾਂ ਪ੍ਰਤੀ ਜਾਗਰੂਕਤਾ ਦਾ ਲਾਭ ਉਠਾ ਕੇ ਆਪਣੇ ਸਕੂਲਾਂ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਦੀ ਸ਼ਕਤੀ ਅਤੇ ਏਜੰਸੀ ਹੈ। ਤੁਹਾਡੇ ਅਧਿਕਾਰਾਂ ਨੂੰ ਸਮਝ ਕੇ ਅਤੇ ਤੁਹਾਡੇ ਨਿਪਟਾਰੇ 'ਤੇ ਸਰੋਤਾਂ ਦੀ ਵਰਤੋਂ ਕਰਕੇ, ਪਰਿਵਾਰ ਭਰੋਸੇ ਨਾਲ ਤਬਦੀਲੀ ਲਈ ਪਹਿਲਕਦਮੀਆਂ ਦੀ ਅਗਵਾਈ ਕਰ ਸਕਦੇ ਹਨ। ਇਹ ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਕਿ ਜਦੋਂ ਤੁਹਾਡੇ ਬੱਚੇ ਦੇ ਸਕੂਲ ਵਿੱਚ ਸੁਧਾਰਾਂ ਦੀ ਵਕਾਲਤ ਕਰਨ ਦਾ ਸਮਾਂ ਹੈ, ਤਾਂ ਤੁਸੀਂ ਭਾਸ਼ਾ ਦੀਆਂ ਰੁਕਾਵਟਾਂ ਜਾਂ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਭਰੋਸੇ ਅਤੇ ਗਿਆਨ ਨਾਲ ਅਜਿਹਾ ਕਰ ਸਕਦੇ ਹੋ। ਸਕੂਲ ਅਜਿਹੇ ਸਥਾਨ ਹੋਣੇ ਚਾਹੀਦੇ ਹਨ ਜਿੱਥੇ ਸਾਰੇ ਪਰਿਵਾਰ ਮਹਿਸੂਸ ਕਰਦੇ ਹਨ ਕਿ ਉਹ ਸਬੰਧਤ ਹਨ ਅਤੇ ਉਹਨਾਂ ਨੂੰ ਇੱਕ ਫਰਕ ਲਿਆਉਣ ਲਈ ਸ਼ਕਤੀ ਦਿੱਤੀ ਗਈ ਹੈ।



1

## ਆਪਣੀਆਂ ਚਿੰਤਾਵਾਂ ਨੂੰ ਪਛਾਣੋ ਅਤੇ ਸਮਝੋ

- ਆਪਣੇ ਆਪ ਨੂੰ ਆਪਣੇ ਅਧਿਕਾਰਾਂ ਅਤੇ ਤੁਹਾਡੇ ਅਤੇ ਤੁਹਾਡੇ ਬੱਚੇ ਦੀ ਚਿੰਤਾ ਦੁਆਰਾ ਸਹਾਇਤਾ ਕਰਨ ਲਈ ਉਪਲਬਧ ਸਰੋਤਾਂ ਬਾਰੇ ਸਿੱਖਿਅਤ ਕਰੋ। ਜੇਕਰ ਤੁਸੀਂ ਮਦਦ ਜਾਂ ਹੱਲ ਦੀ ਭਾਲ ਨਹੀਂ ਕਰ ਸਕਦੇ ਹੋ, ਤਾਂ ਇਹ ਉਹ ਚੀਜ਼ ਹੋ ਸਕਦੀ ਹੈ ਜੋ ਤੁਸੀਂ ਚਿੰਤਾ ਦੇ ਤੌਰ 'ਤੇ ਉਠਾ ਸਕਦੇ ਹੋ।
- **ਕਾਰਵਾਈ:** ਆਪਣੀ ਚਿੰਤਾ ਦਾ ਨਾਮ ਦੱਸੋ ਅਤੇ ਇਹ ਸਾਂਝਾ ਕਰਨਾ ਯਕੀਨੀ ਬਣਾਓ ਕਿ ਇਹ ਤੁਹਾਡੇ ਅਤੇ ਸਕੂਲ ਦੇ ਬਾਕੀ ਭਾਈਚਾਰੇ ਲਈ ਮਹੱਤਵਪੂਰਨ ਕਿਉਂ ਹੈ।

2

## ਆਪਣੀ ਟੀਮ ਬਣਾਓ: ਭਾਈਚਾਰੇ ਵਿੱਚ ਗਿਆਨ ਦੀ ਭਾਲ ਕਰੋ।

- ਸਹਿਯੋਗੀਆਂ ਦੇ ਇੱਕ ਸਮੂਹ ਨੂੰ ਇਕੱਠਾ ਕਰੋ ਜੋ ਤੁਹਾਡੀਆਂ ਚਿੰਤਾਵਾਂ ਨੂੰ ਸਾਂਝਾ ਕਰਦੇ ਹਨ। ਇਹ PTA ਦੇ ਮੈਂਬਰ, ਲੀਡਰਸ਼ਿਪ ਟੀਮ ਦੇ ਮੈਂਬਰ, ਜਾਂ ਸਮਾਨ ਸੋਚ ਵਾਲੇ ਮਾਪਿਆਂ ਦਾ ਇੱਕ ਸਮੂਹ ਹੋ ਸਕਦਾ ਹੈ।
- **ਕਾਰਵਾਈ:** ਮੁੱਦੇ 'ਤੇ ਚਰਚਾ ਕਰਨ ਅਤੇ ਇਕੱਠੇ ਰਣਨੀਤੀ ਬਣਾਉਣ ਲਈ ਇੱਕ ਮੀਟਿੰਗ ਦੀ ਮੇਜ਼ਬਾਨੀ ਕਰੋ ਜਾਂ ਇੱਕ ਸਮੂਹ ਚੈਟ ਬਣਾਓ। ਇਕੱਠਿਆਂ ਸਾਂਝੇ ਕੀਤੇ ਅਨੁਭਵ ਅਤੇ ਸਾਂਝੇ ਗਿਆਨ ਦੀ ਵਰਤੋਂ ਕਰੋ।

3

## ਆਗੂਆਂ ਨਾਲ ਮੁਲਾਕਾਤ ਕਰੋ

- ਆਪਣੀਆਂ ਮੰਗਾਂ ਨੂੰ ਸਕੂਲ ਵਿੱਚ ਲਿਆਓ ਜਾਂ ਤਬਦੀਲੀਆਂ ਕਰਨ ਦਾ ਅਧਿਕਾਰ ਰੱਖਣ ਵਾਲਿਆਂ ਨੂੰ ਆਪਣੀਆਂ ਚਿੰਤਾਵਾਂ ਅਤੇ ਪ੍ਰਸਤਾਵਿਤ ਹੱਲ ਪੇਸ਼ ਕਰੋ। ਯਕੀਨੀ ਬਣਾਓ ਕਿ ਤੁਸੀਂ ਸਪਸ਼ਟ ਅਤੇ ਰਚਨਾਤਮਕ ਢੰਗ ਨਾਲ ਸੰਚਾਰ ਕਰਦੇ ਹੋ।
- **ਕਾਰਵਾਈ:** ਸਕੂਲ ਦੇ ਆਗੂਆਂ ਨਾਲ ਇੱਕ ਮੀਟਿੰਗ ਤਹਿ ਕਰੋ, ਆਪਣੀਆਂ ਚਿੰਤਾਵਾਂ ਦੀ ਰੂਪਰੇਖਾ ਦੇਣ ਲਈ ਇੱਕ ਈਮੇਲ ਦਾ ਖਰੜਾ ਤਿਆਰ ਕਰੋ, ਅਤੇ ਆਪਣੇ ਸਮੂਹ ਨਾਲ ਇੱਕ ਪੇਸ਼ਕਾਰੀ ਤਿਆਰ ਕਰੋ।

4

## ਕਾਰਵਾਈ ਕਰੋ

- ਆਪਣੀ ਯੋਜਨਾ ਨੂੰ ਲਾਗੂ ਕਰੋ ਅਤੇ ਚਿੰਤਾਵਾਂ ਨੂੰ ਹੱਲ ਕਰਨ ਵਾਲੀ ਯੋਜਨਾ ਵਿਕਸਿਤ ਕਰਨ ਲਈ ਲੋੜੀਂਦੇ ਕਦਮ ਚੁੱਕੋ। ਸਕੂਲ ਦੇ ਨਾਲ ਇੱਕ ਟੀਮ ਦੇ ਰੂਪ ਵਿੱਚ ਕੰਮ ਕਰੋ।
- **ਕਾਰਵਾਈ:** ਆਪਣੇ ਪ੍ਰਸਤਾਵਿਤ ਹੱਲਾਂ ਦੇ ਆਧਾਰ 'ਤੇ ਗਤੀਵਿਧੀਆਂ ਨੂੰ ਸੰਗਠਿਤ ਕਰੋ।

5

## ਸਮੂਹਿਕ ਸਿਖਲਾਈ ਦਾ ਮੁੜ ਮੁਲਾਂਕਣ ਕਰੋ ਅਤੇ ਉਸ ਨੂੰ ਸਾਂਝਾ ਕਰੋ

- ਕਾਰਵਾਈ ਕਰਨ ਤੋਂ ਬਾਅਦ, ਆਪਣੇ ਯਤਨਾਂ ਦੇ ਪ੍ਰਭਾਵ ਦਾ ਮੁਲਾਂਕਣ ਕਰੋ ਅਤੇ ਕੋਈ ਵੀ ਲੋੜੀਂਦੀ ਵਿਵਸਥਾ ਕਰੋ।
- ਸਕੂਲ ਸਟਾਫ਼ ਅਤੇ ਭਾਈਚਾਰਕ ਸੰਸਥਾਵਾਂ ਨਾਲ ਨਿਰੰਤਰ ਸੰਚਾਰ ਸਥਾਪਿਤ ਕਰੋ।
- ਛੋਟੀਆਂ ਜਿੱਤਾਂ ਦਾ ਜਸ਼ਨ ਮਨਾਉਣਾ ਨਾ ਭੁੱਲੋ।

# ਪਰਿਵਾਰਕ ਸ਼ਮੂਲੀਅਤਾਂ ਦੀ ਸਫਲਤਾ ਲਈ ਵਰਕਸ਼ੀਟ

ਸਕੂਲੀ ਕਮਿਊਨਿਟੀ ਦੇ ਹਿੱਸੇ ਵਜੋਂ ਤੁਹਾਡੀ ਆਵਾਜ਼ ਦੀ ਵਰਤੋਂ ਕਰਨ ਬਾਰੇ ਭਰੋਸਾ ਮਹਿਸੂਸ ਕਰਨ ਲਈ ਤੁਹਾਡੇ ਸਰੋਤਾਂ, ਗਿਆਨ ਅਤੇ ਸਾਧਨਾਂ ਦੀ ਵਰਤੋਂ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਗਈ ਇਸ ਵਰਕਸ਼ੀਟ ਨੂੰ ਪੂਰਾ ਕਰਕੇ ਆਪਣੇ ਆਪ ਨੂੰ ਸੰਗਠਿਤ ਕਰੋ।

ਸਕੂਲ ਦਾ ਨਾਮ: ______________________________

**ਜਾਣਨ ਲਈ ਮਹੱਤਵਪੂਰਨ ਸਕੂਲ ਜਾਣਕਾਰੀ:**

- ☐ ਮੇਰੇ ਸਕੂਲ ਦੇ ਮਾਤਾ-ਪਿਤਾ ਕੋਆਰਡੀਨੇਟਰ ਦਾ ਨਾਮ: ______________________
- ☐ ਮਾਤਾ-ਪਿਤਾ ਕੋਆਰਡੀਨੇਟਰ ਦੀ ਸੰਪਰਕ ਜਾਣਕਾਰੀ: ______________________
- ☐ ENL ਕੋਆਰਡੀਨੇਟਰ ਜਾਂ ਅਧਿਆਪਕ ਦਾ ਨਾਮ ______________________
- ☐ ENL ਕੋਆਰਡੀਨੇਟਰ ਜਾਂ ਅਧਿਆਪਕ ਦੀ ਸੰਪਰਕ ਜਾਣਕਾਰੀ: ______________________
- ☐ ਸਕੂਲ ਦੇ ਮਾਤਾ-ਪਿਤਾ ਅਤੇ ਦੋਸਤ ਦਾ ਨਾਮ ਅਤੇ ਫ਼ੋਨ ਨੰਬਰ: ______________________

---

**ਸਕੂਲੀ ਸਾਲ ਲਈ ਮਹੱਤਵਪੂਰਨ ਕੰਮਾਂ ਦੀ ਜਾਂਚਸੂਚੀ**

- ☐ ਮੁੱਖ ਦਫ਼ਤਰ ਨਾਲ ਮੇਰੀ ਸੰਪਰਕ ਜਾਣਕਾਰੀ ਨੂੰ ਅੱਪਡੇਟ ਕਰੋ
- ☐ ਇੱਕ NYC ਸਕੂਲ ਖਾਤਾ ਬਣਾਓ
- ☐ ਸਕੂਲ ਤੋਂ ਮੇਰੀ ਭਾਸ਼ਾ ਵਿੱਚ ਸੰਚਾਰ ਪ੍ਰਾਪਤ ਕਰੋ (ਈਮੇਲ, ਟੈਕਸਟ, ਜਾਂ ਫ਼ੋਨ ਕਾਲਾਂ)
- ☐ ਮਾਤਾ-ਪਿਤਾ ਕੋਆਰਡੀਨੇਟਰ ਨਾਲ ਮੇਰੀ ਜਾਣ-ਪਛਾਣ ਕਰਵਾਓ
- ☐ ਸਕੂਲੀ ਸਾਲ ਦੇ ਸ਼ੁਰੂ ਵਿੱਚ ਅਧਿਆਪਕਾਂ ਨੂੰ ਮਿਲਣ ਲਈ ਘੱਟੋ-ਘੱਟ ਇੱਕ ਮਾਤਾ-ਪਿਤਾ ਸਮਾਗਮ ਵਿੱਚ ਸ਼ਾਮਲ ਹੋਵੋ
- ☐ ਬਸੰਤ ਰੁੱਤ ਵਿੱਚ ਪੇਰੈਂਟ ਟੀਚਰ ਕਾਨਫਰੰਸ ਵਿੱਚ ਸ਼ਾਮਲ ਹੋਵੋ
- ☐ ਮਾਤਾ-ਪਿਤਾ ਦੀ ਅਗਵਾਈ ਵਾਲੀ ਐਸੋਸੀਏਸ਼ਨ ਜਾਂ ਕਮੇਟੀ ਦਾ ਹਿੱਸਾ ਬਣੋ
- ☐ ਮੇਰੇ ਬੱਚੇ ਦੇ ਘੱਟੋ-ਘੱਟ ਇੱਕ ਅਧਿਆਪਕ ਨਾਲ ਜੁੜੋ
- ☐ ਮੇਰੇ ਬੱਚੇ (ਪ੍ਰਦਰਸ਼ਨ, ਪੇਸ਼ਕਾਰੀ, ਜਾਂ ਖੇਡ) ਨੂੰ ਸਮਰਥਨ ਦੇਣ ਲਈ ਸਕੂਲ ਦੇ ਸਮਾਗਮ ਵਿੱਚ ਸ਼ਾਮਲ ਹੋਵੋ
- ☐ ਸਮਾਨ ਪਿਛੋਕੜ ਵਾਲੇ ਮਾਤਾ-ਪਿਤਾ ਨਾਲ ਨਵਾਂ ਦੋਸਤ ਬਣਾਓ
- ☐ ਬਸੰਤ ਰੁੱਤ ਵਿੱਚ ਪੇਰੈਂਟ ਟੀਚਰ ਕਾਨਫਰੰਸ ਵਿੱਚ ਸ਼ਾਮਲ ਹੋਵੋ
- ☐ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਸਰਵੇਖਣ ਵਿੱਚ ਸਕੂਲ ਨੂੰ ਫੀਡਬੈਕ ਸਾਂਝਾ ਕਰੋ

---

**ਭਾਈਚਾਰਕ ਸੰਸਥਾਵਾਂ:**

- ☐ ਇਮੀਗ੍ਰੇਸ਼ਨ ਸੇਵਾਵਾਂ: ______________________
- ☐ ਹਾਊਸਿੰਗ ਸਪੋਰਟ: ______________________
- ☐ ਸਥਾਨਕ ਚਰਚ: ______________________
- ☐ ਮਾਨਸਿਕ ਸਿਹਤ ਸਹਾਇਤਾ: ______________________

# ਮਾਮਲਿਆਂ ਦੇ ਅਧਿਐਨ ਅਤੇ ਸਫਲਤਾ ਦੀਆਂ ਕਹਾਣੀਆਂ



## ਫਿਲੋ (FIALLO) ਪਰਿਵਾਰ

- ਅਸੀਂ ਇਕਵਾਡੋਰ ਤੋਂ ਇੱਕ ਪ੍ਰਵਾਸੀ ਪਰਿਵਾਰ ਹਾਂ
- NYC ਪਬਲਿਕ ਸਕੂਲਾਂ ਵਿੱਚ ਸਾਡੇ 2 ਬੱਚੇ ਸਨ
- ਅਸੀਂ ਸਪੈਨਿਸ਼ ਬੋਲਦੇ ਹਾਂ

### ਚੁਣੌਤੀਆਂ ਜਿਨ੍ਹਾਂ ਦਾ ਅਸੀਂ ਸਾਹਮਣਾ ਕੀਤਾ ਹੈ:

ਸਾਨੂੰ ਨਹੀਂ ਪਤਾ ਸੀ ਕਿ ਅਸੀਂ ਆਪਣੇ ਬੱਚਿਆਂ ਦੇ ਸਕੂਲ ਤੱਕ ਪਹੁੰਚ ਬਣਾ ਸਕਦੇ ਹਾਂ ਅਤੇ ਅਸੀਂ ਅਕਸਰ ਮਾਤਾ-ਪਿਤਾ-ਅਧਿਆਪਕ ਕਾਨਫਰੰਸਾਂ ਵਿੱਚ ਸ਼ਾਮਲ ਨਹੀਂ ਹੁੰਦੇ ਹਾਂ। ਅਸੀਂ ਮਹਿਸੂਸ ਕੀਤਾ ਕਿ ਅਸੀਂ ਸਕੂਲ ਤੋਂ ਵੱਖ ਹੋ ਗਏ ਹਾਂ ਅਤੇ ਜਦੋਂ ਮੇਰੀਆਂ ਧੀਆਂ ਦੇ ਕਾਲਜ ਲਈ ਅਰਜ਼ੀ ਦੇਣ ਦਾ ਸਮਾਂ ਆਇਆ, ਤਾਂ ਅਸੀਂ ਉਨ੍ਹਾਂ ਦੀ ਮਦਦ ਨਹੀਂ ਕਰ ਸਕੇ ਕਿਉਂਕਿ ਸਾਨੂੰ ਨਹੀਂ ਪਤਾ ਸੀ ਕਿ ਸਕੂਲ ਵਿੱਚ ਕਿਸ ਨਾਲ ਗੱਲ ਕਰਨੀ ਹੈ।

### ਸਾਡੀਆਂ ਚੁਣੌਤੀਆਂ ਦਾ ਹੱਲ

ਸਾਡੇ ਬੱਚੇ ਦੇ ਕਾਲਜ ਕਾਉਂਸਲਰ ਨੂੰ ਉਸ ਸਮੇਂ ਕਾਲਜ ਬਾਰੇ ਸਾਡੀ ਅਸੁਰੱਖਿਆ ਦਾ ਪਤਾ ਲੱਗਿਆ ਜਦੋਂ ਮੇਰੀ ਧੀ ਨੇ ਮਦਦ ਮੰਗੀ। ਅਸੀਂ ਉਦੋਂ ਕਾਉਂਸਲਰ ਨੂੰ ਮਿਲੇ ਜਦੋਂ ਮੇਰੀ ਧੀ ਨੂੰ ਉਸਦੇ ਕਾਲਜ ਕੈਰੀਅਰ ਦੀ ਸ਼ੁਰੂਆਤ ਕਰਨ ਲਈ ਇੱਕ ਸਕਾਲਰਸ਼ਿਪ ਦਿੱਤੀ ਗਈ ਸੀ। ਸਾਨੂੰ ਨਹੀਂ ਪਤਾ ਸੀ ਕਿ ਗੈਰ-ਦਸਤਾਵੇਜ਼ੀ ਵਿਦਿਆਰਥੀਆਂ ਕੋਲ ਵਿਕਲਪ ਸਨ।

### ਸਾਡੀਆਂ ਸ਼ਕਤੀਆਂ

- ਸਾਡਾ ਵਿਸ਼ਵਾਸ
- ਸਾਡੇ ਬੱਚਿਆਂ ਲਈ ਸਾਡਾ ਪਿਆਰ
- ਸਾਡਾ ਵਿਆਹ
- ਪਕਾਉਣਾ ਪਸੰਦ ਹੈ!

### ਸਾਡੇ ਸ਼ੌਕ

- ਪਾਰਕ 'ਤੇ ਸ਼ੁੱਕਰਵਾਰ ਦੀ ਪਿਕਨਿਕ
- ਵੀਕਐਂਡ 'ਤੇ ਫੁਟਬਾਲ ਗੇਮਾਂ

**ਪਾਠ ਸਿਖਿਆ**

ਫਿਅਲੋ (Fiallo) ਪਰਿਵਾਰ ਨੂੰ ਆਪਣੇ ਕਾਲਜ ਕਾਉਂਸਲਰ ਤੋਂ ਸਹਾਇਤਾ ਪ੍ਰਾਪਤ ਕਰਨ ਲਈ ਆਪਣੀ ਇਮੀਗ੍ਰੇਸ਼ਨ ਸਥਿਤੀ ਨੂੰ ਸਾਂਝਾ ਕਰਨ ਦੀ ਲੋੜ ਨਹੀਂ ਸੀ। ਹਰ ਸਕੂਲ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਰੇ ਮਾਪਿਆਂ ਨੂੰ ਉਨ੍ਹਾਂ ਦੀ ਭਾਸ਼ਾ ਵਿੱਚ ਉਪਲਬਧ ਸਰੋਤਾਂ ਬਾਰੇ ਸੂਚਿਤ ਕੀਤਾ ਜਾਵੇ। ਫਿਏਲੋ (Fiallo) ਪਰਿਵਾਰ ਨੇ ਇੱਕ ਮਿਸਾਲ ਕਾਇਮ ਕੀਤੀ, ਜਿਸ ਨਾਲ ਕਾਲਜ ਕਾਉਂਸਲਰ ਨੂੰ ਸਮਾਨ ਸਥਿਤੀਆਂ ਵਿੱਚ ਵਧੇਰੇ ਗੈਰ-ਦਸਤਾਵੇਜ਼-ਰਹਿਤ ਅਤੇ ਮਿਸ਼ਰਤ-ਸਥਿਤੀ ਵਾਲੇ ਪਰਿਵਾਰਾਂ ਦੀ ਮੌਜੂਦਗੀ ਬਾਰੇ ਸੁਚੇਤ ਕੀਤਾ ਗਿਆ। ਫਿਏਲੋ (Fiallo) ਪਰਿਵਾਰ ਨੂੰ ਆਪਣੀ ਵਕਾਲਤ ਦਾ ਜਸ਼ਨ ਮਨਾਉਣਾ ਚਾਹੀਦਾ ਹੈ, ਜੋ ਇਹ ਯਕੀਨੀ ਬਣਾਏਗਾ ਕਿ ਇਹ ਸਰੋਤ ਭਵਿੱਖ ਵਿੱਚ ਸਾਰੇ ਪਰਿਵਾਰਾਂ ਨਾਲ ਸਾਂਝੇ ਕੀਤੇ ਜਾਣ।

# ਮਾਮਲਿਆਂ ਦੇ ਅਧਿਐਨ ਅਤੇ ਸਫਲਤਾ ਦੀਆਂ ਕਹਾਣੀਆਂ



## ਭੂਯਾਨ- ਮੋਰਾਲੇਸ (BHUIYAN-MORALES) ਪਰਿਵਾਰ

- ਅਸੀਂ ਦੱਖਣ ਪੂਰਬੀ ਏਸ਼ੀਆਈ ਅਤੇ ਮੈਕਸੀਕਨ ਮੂਲ ਦੇ ਇੱਕ ਮਿਕਸਡ ਸਟੇਟਸ ਪਰਿਵਾਰ ਹਾਂ
- NYC ਪਬਲਿਕ ਸਕੂਲਾਂ ਵਿੱਚ ਸਾਡੇ 2 ਬੱਚੇ ਸਨ ਹਨ
- ਅਸੀਂ ਬੰਗਾਲੀ, ਸਪੈਨਿਸ਼ ਅਤੇ ਅੰਗਰੇਜ਼ੀ ਬੋਲਦੇ ਹਾਂ

### ਚੁਣੌਤੀਆਂ ਜਿਨ੍ਹਾਂ ਦਾ ਅਸੀਂ ਸਾਹਮਣਾ ਕੀਤਾ ਹੈ:

ਸਾਡੇ ਸਭ ਤੋਂ ਵੱਡੇ ਬੱਚੇ ਦੇ ਨਾਲ, ਸਕੂਲ ਨੂੰ ਸਾਡੇ ਨਾਲ ਸਰਗਰਮੀ ਨਾਲ ਸੰਚਾਰ ਕਰਨ ਲਈ ਸੰਘਰਸ਼ ਕਰਨਾ ਪਿਆ। ਮੇਰੀ ਸਭ ਤੋਂ ਵੱਡੀ ਚਿੰਤਾ ਉਹ ਸੱਭਿਆਚਾਰਕ ਗਲਤਫਹਿਮੀਆਂ ਸਨ ਜੋ ਮੇਰੇ ਬੱਚੇ ਨੇ ਉਸ ਸਕੂਲ ਵਿੱਚ ਅਨੁਭਵ ਕੀਤੀਆਂ ਸਨ। ਅਸੀਂ ਲੀਡਰਸ਼ਿਪ, ਮਾਰਗਦਰਸ਼ਨ ਸਲਾਹਕਾਰ, ਅਧਿਆਪਕ, ਸਾਖਰਤਾ ਕੋਚ, ਅਤੇ ਕਲਾ ਥੈਰੇਪਿਸਟ ਨਾਲ ਇੱਕ ਮੀਟਿੰਗ ਕੀਤੀ। ਮੈਂ ਚਿੰਤਾਵਾਂ ਅਤੇ ਆਪਣੇ ਖੁਦ ਦੇ ਸੁਝਾਵਾਂ ਦੀ ਇੱਕ ਸੂਚੀ ਲੈ ਕੇ ਆਇਆ ਹਾਂ, ਜੋ ਮੈਂ ਜਾਣਦਾ ਸੀ ਕਿ ਮੇਰੇ ਬੱਚੇ ਲਈ ਸਭ ਤੋਂ ਵਧੀਆ ਕੰਮ ਕਰਣਗੀਆਂ। ਮਾਰਗਦਰਸ਼ਨ ਸਲਾਹਕਾਰ ਦੀ ਮਦਦ ਨਾਲ, ਅਸੀਂ ਇੱਕ ਯੋਜਨਾ ਤਿਆਰ ਕੀਤੀ। ਇਸਨੇ ਕੰਮ ਕੀਤਾ, ਅਤੇ ਅਸੀਂ ਆਪਣੇ ਬੇਟੇ ਦੇ ਵਿਹਾਰ ਵਿੱਚ ਇੱਕ ਮਹੱਤਵਪੂਰਨ ਸੁਧਾਰ ਦੇਖਿਆ, ਪਰ ਸਕੂਲ ਵਿੱਚ ਮੇਰਾ ਭਰੋਸਾ ਟੁੱਟ ਗਿਆ ਸੀ।

### ਸਾਡੀਆਂ ਚੁਣੌਤੀਆਂ ਦਾ ਹੱਲ

ਸਕੂਲ ਦੇ ਸਲਾਹਕਾਰ ਨੇ ਸਾਡੇ ਵਿਕਲਪਾਂ ਨੂੰ ਸਮਝਣ ਵਿੱਚ ਸਾਡੀ ਮਦਦ ਕੀਤੀ। ਇੱਕ ਪਰਿਵਾਰ ਦੇ ਤੌਰ 'ਤੇ, ਅਸੀਂ ਸਕੂਲਾਂ ਦੀ ਹੋਰ ਡੂੰਘਾਈ ਨਾਲ ਖੋਜ ਕਰਨ ਦਾ ਫੈਸਲਾ ਕੀਤਾ ਹੈ ਅਤੇ ਸਵੀਕਾਰ ਕੀਤਾ ਹੈ ਕਿ ਕਈ ਵਾਰ ਕੋਈ ਸਕੂਲ ਸਹੀ ਫਿਟ ਨਹੀਂ ਹੋ ਸਕਦਾ ਹੈ। ਅਸੀਂ ਮਹਿਸੂਸ ਕੀਤਾ ਕਿ ਇਹ ਜਾਣਨਾ ਮਹੱਤਵਪੂਰਨ ਹੈ ਕਿ ਉਸ ਸਕੂਲ ਵਿੱਚ ਬਦਲੀ ਕਰਨ ਦਾ ਸਮਾਂ ਕਦੋਂ ਹੈ ਜਿੱਥੇ ਸਾਡੇ ਬੱਚੇ ਨੂੰ ਸਮਝਿਆ ਜਾਵੇਗਾ। ਹੁਣ, ਮੈਂ ਜਾਣਦਾ ਹਾਂ ਕਿ ਮੇਰੇ ਕੋਲ ਬੋਲਣ ਦੀ ਸ਼ਕਤੀ ਹੈ। ਮੈਂ ਸਾਰੀਆਂ ਗੱਲਾਂਬਾਤਾਂ ਅਤੇ ਪਰਸਪਰ ਪ੍ਰਭਾਵ ਨੂੰ ਦਸਤਾਵੇਜ਼ ਬਣਾਉਣਾ ਅਤੇ ਸਬੂਤਾਂ ਅਤੇ ਹੱਲਾਂ ਨਾਲ ਮੀਟਿੰਗਾਂ ਲਈ ਤਿਆਰ ਹੋਣਾ ਸਿੱਖਿਆ ਹੈ।

### ਸਾਡੀਆਂ ਸ਼ਕਤੀਆਂ

- ਅਸੀਂ ਇੱਕ ਦੂਜੇ ਨਾਲ ਆਪਣੇ ਸੰਚਾਰ ਵਿੱਚ ਪਾਰਦਰਸ਼ੀ ਅਤੇ ਇਮਾਨਦਾਰ ਹਾਂ। ਅਸੀਂ ਇੱਕ ਪਰਿਵਾਰ ਦੇ ਰੂਪ ਵਿੱਚ ਇਕੱਠੇ ਫੈਸਲੇ ਲੈਂਦੇ ਹਾਂ।

### ਸਾਡੇ ਸ਼ੌਕ

- ਯਾਤਰਾ
- ਵੱਖ-ਵੱਖ ਭੋਜਨ ਬੋਰਡ ਗੇਮਾਂ
- ਅਤੇ ਪਹੇਲੀਆਂ ਦੀ ਕੋਸ਼ਿਸ਼ ਕਰਨਾ
- ਇਕੱਠੇ ਫਿਲਮਾਂ ਦੇਖਣਾ
- ਸੰਗੀਤ 'ਤੇ ਸਾਡੇ ਤਣਾਅ ਨੂੰ ਦੂਰ ਕਰਨ ਲਈ ਨੱਚਣਾ

**ਸਬਕ ਸਿੱਖਿਆ**

ਭੁਈਆਂ-ਮੋਰਾਲੇਸ (Bhuiyan-Morales) ਪਰਿਵਾਰ ਨੂੰ ਸਖ਼ਤ ਫੈਸਲੇ ਲੈਣੇ ਪਏ। ਮਾਪਿਆਂ ਲਈ ਇਹ ਮਹੱਤਵਪੂਰਨ ਹੈ ਕਿ ਉਹ ਦੋਵਾਂ ਪਾਸਿਆਂ ਦੀ ਜਵਾਬਦੇਹੀ ਨੂੰ ਯਕੀਨੀ ਬਣਾਉਂਦੇ ਹੋਏ ਸਕੂਲ ਨਾਲ ਆਪਣੀਆਂ ਚਿੰਤਾਵਾਂ ਨੂੰ ਸੰਚਾਰਿਤ ਕਰਨ। ਜੇਕਰ ਤੁਹਾਨੂੰ ਮੀਟਿੰਗਾਂ ਲਈ ਭਾਸ਼ਾ ਸਹਾਇਤਾ ਦੀ ਲੋੜ ਹੈ, ਤਾਂ ਸਕੂਲ ਨੂੰ ਇਹ ਪ੍ਰਦਾਨ ਕਰਨ ਦੀ ਲੋੜ ਹੈ। ਇੱਕ ਪਰਵਾਸੀ ਪਰਿਵਾਰ ਹੋਣ ਦੇ ਨਾਤੇ, ਤੁਹਾਨੂੰ ਬਦਲੇ ਦੇ ਡਰ ਤੋਂ ਬਿਨਾਂ ਆਪਣੇ ਬੱਚੇ ਦੀ ਅਕਾਦਮਿਕ ਤਰੱਕੀ ਬਾਰੇ ਸਕੂਲ ਨਾਲ ਚਰਚਾ ਕਰਨ ਦਾ ਅਧਿਕਾਰ ਹੈ। ਜੇਕਰ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ ਤਾਂ ਮਾਹਿਰਾਂ ਤੋਂ ਮਦਦ ਮੰਗਣਾ ਵੀ ਮਹੱਤਵਪੂਰਨ ਹੈ। ਭੁਈਆਂ-ਮੋਰਾਲੇਸ (Bhuiyan-Morales) ਪਰਿਵਾਰ ਨੇ ਬਾਲ ਮਨੋਵਿਗਿਆਨੀ ਅਤੇ ਮਾਨਸਿਕ ਸਿਹਤ ਥੈਰੇਪਿਸਟ ਨਾਲ ਸਲਾਹ ਕਰਕੇ ਸਹਾਇਤਾ ਪ੍ਰਾਪਤ ਕੀਤੀ। ਉਹ ਆਪਣੇ ਬੱਚਿਆਂ ਲਈ ਸਭ ਤੋਂ ਵਧੀਆ ਵਕੀਲ ਹਨ।

# ਸਾਰੇ ਪਰਵਾਸੀ ਪਰਿਵਾਰਾਂ ਨੂੰ ਇੱਕ ਪੱਤਰ

ਅਜਿਹੀ ਕੋਈ ਗਾਈਡ ਨਹੀਂ ਹੈ ਜੋ ਪਰਵਾਸ ਤੋਂ ਬਾਅਦ ਇੱਕ ਪਰਿਵਾਰ ਵਿੱਚ ਆਈਆਂ ਮਹੱਤਵਪੂਰਨ ਜੀਵਨ ਤਬਦੀਲੀਆਂ ਦਾ ਸਾਹਮਣਾ ਕਰਦੇ ਹੋਏ ਇੱਕ ਮਾਤਾ-ਪਿਤਾ ਨੂੰ ਮਜ਼ਬੂਤ ਅਤੇ ਲਚਕੀਲਾ ਹੋਣਾ ਸਿਖਾ ਸਕੇ। ਘਰ ਦੀ ਜਾਣ-ਪਛਾਣ ਤੋਂ ਦੂਰ ਇੱਕ ਨਵੇਂ ਦੇਸ਼ ਨੂੰ ਨੈਵੀਗੇਟ ਕਰਨ ਦੇ ਨਾਲ ਨਾਲ ਬੱਚਿਆਂ ਦਾ ਪਾਲਣ-ਪੋਸ਼ਣ ਕਰਨ, ਨੌਕਰੀਆਂ ਨੂੰ ਕਾਇਮ ਰੱਖਣ, ਅਤੇ ਇੱਕ ਨਵਾਂ ਸੱਭਿਆਚਾਰ ਅਤੇ ਭਾਸ਼ਾ ਸਿੱਖਣ ਲਈ ਵੀ ਲਈ ਕੋਈ ਕਦਮ-ਦਰ-ਕਦਮ ਗਾਈਡ ਨਹੀਂ ਹੈ। ਇਹਨਾਂ ਵਿੱਚੋਂ ਬਹੁਤ ਸਾਰੇ ਨਵੇਂ ਅਨੁਭਵ ਚੁਣੌਤੀਆਂ ਵਾਲੇ ਹੋਣਗੇ ਪਰ ਪਹਿਲਾਂ ਦੀ ਤਰ੍ਹਾਂ ਕਈ ਵਾਰ, ਤੁਸੀਂ ਇਹਨਾਂ ਚੁਣੌਤੀਆਂ ਨੂੰ ਬਿਹਤਰ ਦਿਨਾਂ ਤੱਕ ਪਾਰ ਕਰ ਸਕੋਗੇ। ਨਿਊਯਾਰਕ ਸਿਟੀ ਵਿੱਚ ਇੱਕ ਪ੍ਰਵਾਸੀ ਮਾਪੇ ਬਣਨਾ ਆਸਾਨ ਨਹੀਂ ਹੈ, ਪਰ ਇਹ ਇਕੱਲੇ ਹੋਣ ਦੀ ਲੋੜ ਨਹੀਂ ਹੈ। ਸਾਰੇ ਪ੍ਰਵਾਸੀਆਂ ਕੋਲ ਅੰਦਰੂਨੀ ਸ਼ਕਤੀ ਦਾ ਹਿੱਸਾ ਹੈ ਇਹ ਯਕੀਨੀ ਬਣਾਉਣ ਲਈ ਕਿ ਹਰ ਕਿਸੇ ਦੀ ਪੂਰੀ ਤਰ੍ਹਾਂ ਦੇਖਭਾਲ ਕੀਤੀ ਜਾਂਦੀ ਹੈ, ਕਮਿਊਨਿਟੀ ਅਤੇ ਸਹਾਇਤਾ ਦੇ ਨੈਟਵਰਕ ਬਣਾਉਣ ਦੀ ਸਮਰੱਥਾ ਹੈ।

ਭਾਈਚਾਰਾ ਚੁਣੌਤੀਆਂ 'ਤੇ ਕਾਬੂ ਪਾਉਣ ਦੀ ਕੁੰਜੀ ਹੈ। ਅਸੀਂ ਸਮਾਜ ਵਿੱਚ ਸਾਡੀ ਸ਼ਕਤੀ ਹਾਂ।

ਜਿਵੇਂ ਕਿ ਹਰ ਰੋਜ਼ ਚੁਣੌਤੀਆਂ ਪੈਦਾ ਹੁੰਦੀਆਂ ਹਨ, ਯਾਦ ਰੱਖੋ ਕਿ ਤੁਹਾਡੇ ਕੋਲ ਆਪਣੇ ਪਰਿਵਾਰ ਲਈ ਆਪਣੇ ਨਵੇਂ ਘਰ ਵਿੱਚ ਆਪਣੇ ਸੁਪਨੇ ਦੀ ਜ਼ਿੰਦਗੀ ਬਣਾਉਣ ਲਈ ਆਪਣੇ ਆਪ ਨੂੰ, ਆਪਣੇ ਭਾਈਚਾਰੇ ਅਤੇ ਤੁਹਾਡੇ ਸਰੋਤਾਂ ਨੂੰ ਬੁਲਾਉਣ ਦੀ ਸ਼ਕਤੀ ਅਤੇ ਏਜੰਸੀ ਹੈ। NYC ਪਬਲਿਕ ਸਕੂਲ ਪ੍ਰਵਾਸੀ ਪਰਿਵਾਰਾਂ ਲਈ ਸੁਰੱਖਿਅਤ ਥਾਵਾਂ ਹੋਣ ਲਈ ਵਚਨਬੱਧ ਹਨ, ਉਹ ਸਥਾਨ ਜਿੱਥੇ ਪਰਵਾਸੀ ਪਰਿਵਾਰਾਂ ਨੂੰ ਵਿਭਿੰਨ ਭਾਸ਼ਾਵਾਂ, ਦ੍ਰਿਸ਼ਟੀਕੋਣਾਂ, ਸੱਭਿਆਚਾਰਾਂ ਅਤੇ ਹੋਰ ਬਹੁਤ ਕੁਝ ਨਾਲ ਭਰਪੂਰ ਕੀਮਤੀ ਮੈਂਬਰਾਂ ਵਜੋਂ ਦੇਖਿਆ ਜਾਂਦਾ ਹੈ। ਹੁਣ ਸਮਾਂ ਆ ਗਿਆ ਹੈ, ਕਿ ਤੁਸੀਂ, ਇੱਕ ਮਾਪੇ ਜਾਂ ਸਰਪ੍ਰਸਤ ਵਜੋਂ, ਇਹ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਦਾ ਸਕੂਲ ਇਸ ਸਮੂਹਿਕ ਸੋਚ ਲਈ ਕੰਮ ਕਰ ਰਿਹਾ ਹੈ।

NYC Public Schools | MULTILINGUAL LEARNERS